# 17

# “‘ਸਮਝਦਾਰੀ ਨਾਲ ਚੱਲੋ’’ ਭਾਗ 1

## (5:15-33)

ਅਫ਼ਸੀਆਂ ਦੇ ਆਖ਼ਰੀ ਵੱਡੇ ਭਾਗ (5:15–6:20), ਵਿਚ ਪੌਲੁਸ ਰਸੂਲ ਨੇ ਚੰਗੇ ਮਸੀਹੀ ਸਬੰਧ ਬਣਾਈ ਰੱਖਣ ਅਤੇ ਬੁਰਿਆਈ ਦੇ ਖਿਲਾਫ਼ ਲੜਾਈ ਵਿਚ ਡਟੇ ਰਹਿਣ ਲਈ ਸਪਸ਼ੱਟ ਯੋਜਨਾਵਾਂ ਦੱਸੀਆਂ। ਖ਼ਤ ਵਿਚ ਖ਼ਾਸ ਤਰ੍ਹਾਂ ਨਾਲ ‘‘ਚੱਲਣ’’ ਦਾ ਚੌਥਾ ਅਤੇ ਆਖਰੀ ਹੁਕਮ 5:15 ਵਿਚ ਦਿੱਤਾ ਗਿਆ ਹੈ।

## ਖ਼ੁਦਾ ਅਤੇ ਦੂਜਿਆਂ ਨੂੰ ਧਿਆਨ ਵਿਚ ਰੱਖਦਿਆਂ ਚੌਕਸੀ ਨਾਲ ਰਹਿਣਾ (5:15-21)

**‘‘ਸਮੇਂ ਨੂੰ ਲਾਭਦਾਇਕ ਕਰਨਾ’’** (5:15, 16)

**15ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ, ਨਿਰਬੁੱਧਾਂ ਵਾਂਙੁ ਨਹੀਂ ਸਗੋਂ ਬੁੱਧਵਾਨਾਂ ਵਾਂਙੁ। 16ਆਪਣੇ ਲਈ ਸਮੇਂ ਨੂੰ ਲਾਭਦਾਇਕ ਕਰੋ ਇਸ ਲਈ ਜੋ ਦਿਨ ਬੁਰੇ ਹਨ।**

**ਆਇਤਾਂ 15, 16.** ਅਫ਼ਸੀਆਂ ਨੂੰ ਉਨ੍ਹਾਂ ਦੀ ਚਾਲ, ਜਾਂ ਜ਼ਿੰਦਗੀ ਦੇ ਤਰੀਕੇ ਦੀਆਂ ਪਹਿਲੀਆਂ ਤਿੰਨ ਤਾੜਨਾਵਾਂ ਆਪਣੇ ਸੱਦੇ ਜਾਣ ਦੇ ‘‘ਜੋਗ ਚਾਲ’’ ਚੱਲਣ, ‘‘ਪ੍ਰੇਮ ਨਾਲ’’ ਚੱਲਣ ਅਤੇ ‘‘ਚਾਨਣ ਦੇ ਪੁੱਤਰਾਂ’’ ਵਾਂਗ ਚੱਲਣ ਦੀਆਂ ਸਨ। ਚੌਥੀ ਤਾੜਨਾ ਸੀ ਕਿ **ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ।** ਅਨੁਵਾਦ ਹੋਏ ਸ਼ਬਦ ‘‘ਵੇਖੋ’’ ਦਾ ਮੰਨੇ ਜਾਣ ਲਈ ਜ਼ਰੂਰੀ ਸ਼ਬਦ (*blepete*) ਹੈ। ਪੌਲੁਸ ਵੱਲੋਂ ਵਰਤੇ ਗਏ ਸ਼ਬਦ ਵਿਚ ‘‘ਲਾਗਾਤਾਰ ਜਾਂ ਬਾਰ ਬਾਰ ਕੰਮ’’ ਮਿਲਦਾ ਹੈ।[1] ਇਸ ਦਾ ਮਤਲਬ ਹੈ ਕਿ ‘‘ਦਿਮਾਗ਼ੀ ਤੌਰ ਤੇ ਪਰਖਣਾ, ਧਿਆਨ ਦੇਣਾ, ਸਮਝਣਾ, ਵਿਚਾਰ ਕਰਨਾ, ਚਿੰਤਨ ਕਰਨਾ, ਧਿਆਨ ਦੇਣ ਦੇ ਅਰਥ ਵਿਚ ਵੇਖਣਾ, ਗੌਰ ਕਰਨਾ।’’[2] ‘‘ਚੌਕਸੀ ਨਾਲ’’ (*akribōs*) ਦਾ ਅਨੁਵਾਦ ਹੈ ਅਤੇ ਉਸ ਸ਼ਬਦ ਨਾਲ ਜੁੜਿਆ ਹੈ ਜਿਸ ਵਿਚ ‘‘ਬੜੀ ਤਕਲੀਫ਼, ਸੰਭਾਲ ਅਤੇ ਲਗਨ ਦੀ ਲੋੜ ਹੈ’’ ਅਤੇ ‘‘ਸਹੀ’’ ਅਤੇ ‘‘ਸਟੀਕ’’ ਹੁੰਦਾ ਹੈ।[3] ਨਿਹਚਾਵਾਨ ਲਈ ਖ਼ੁਦਾ ਦੇ ਵਚਨ ਦੇ ਢਾਂਚੇ ਦੇ ਅੰਦਰ ਚੱਲਣ ਤੇ ਧਿਆਨ ਦਿੰਦੇ ਰਹਿਣਾ ਜ਼ਰੂਰੀ ਹੈ। ਇਹ ਤਾੜਨਾ ਯਹੋਸ਼ੁਆ ਨੂੰ ਖ਼ੁਦਾ ਵੱਲੋਂ ਦਿੱਤੇ ਗਏ ਜ਼ਰੂਰੀ ਮੰਨਣ ਯੋਗ ਹੁਕਮ ਵਰਗਾ ਹੈ। ਜਿਸ ਵਿਚ ਉਸ ਨੇ ਕਿਹਾ ਸੀ, ‘‘ਤੂੰ ਨਿਰਾ ਤਕੜਾ ਹੋ ਅਤੇ ਵੱਡਾ ਹੌਂਸਲਾ ਰੱਖ ਕਿਉਂ ਜੋ ਤੂੰ ਉਸ ਸਾਰੀ ਵਿਵਸਥਾ ਅਨੁਸਾਰ ... ਪਾਲਨਾ ਕਰਕੇ ਪੂਰਾ ਕਰੇਂ, ਉਸ ਤੋਂ ਸੱਜੇ ਅਥਵਾ ਖੱਬੇ ਨਾ ਮੁੜੇਂ’’ (ਯਹੋਸ਼ੁਆ 1:7)। ਸਮਝਦਾਰੀ ਨੂੰ ਧਿਆਨ ਵਿਚ ਰੱਖਦਿਆਂ ਰਸੂਲ ਦੀਆਂ ਆਇਤ ਵਿਚ ਯਿਸੂ ਦੀਆਂ ਗੱਲਾਂ ਦਾ ਧਿਆਨ ਆਉਂਦਾ ਹੈ ਜਿਸ ਵਿਚ ਉਸ ਨੇ ਆਖਿਆ ਸੀ, ‘‘ਸੋ ਹਰੇਕ ਜੋ ਮੇਰੇ ਇਹ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ ਉਹ ਉਸ

ਬੁੱਧਵਾਨ ਵਰਗਾ ਜਾਨਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ'' (ਮੱਤੀ 7:24)।

''ਚੌਕਸੀ ਨਾਲ'' *[ਵੇਖਣ ਲਈ]* ਭਈ ਤੁਸੀਂ ਕਿੱਕੁਰ ਚੱਲਦੇ ਹੋ **ਨਿਰਬੁੱਧਾਂ ਦੀ ਬੇਵਕੂਫ਼ੀ ਤੋਂ ਬਚਣਾ** ਅਤੇ **ਬੁੱਧਵਾਨਾਂ ਵਾਂਗੂ ਆਪਣੇ ਸਮੇਂ ਨੂੰ ਲਾਭਦਾਇਕ** ਕਰਨਾ ਜ਼ਰੂਰੀ ਹੈ। *exagorazō* ਦੇ ਇਕ ਰੂਪ ਯੂਨਾਨੀ ਕ੍ਰਿਪੰਤ *exagorazomenoi* ਦਾ ਅਰਥ ਹੈ ''ਆਪਣੇ ਲਈ ਮੁੱਲ ਲੈਣਾ''[4] ਅਤੇ ''ਭਲਿਆਈ ਕਰਨ ਲਈ ਹਰ ਮੌਕੇ ਦੀ ਸਮਝਦਾਰੀ ਅਤੇ ਪਵਿੱਤਰਤਾਈ ਨਾਲ ਕੀਤੀ ਗਈ ਵਰਤੋਂ ਜਿਸ ਨਾਲ ਜੋਸ਼ ਅਤੇ ਭਲਿਆਈ ਇਵੇਂ ਹੋਵੇ ਜਿਵੇਂ ਸਮੇਂ ਨੂੰ ਆਪਣਾ ਬਣਾਉਣ ਲਈ ਖਰੀਦਣ ਦੀ ਦੌਲਤ ਹੋਵੇ।''[5]

ਸਮੇਂ ਨੂੰ ਲਾਭਦਾਇਕ ਕਰਨ ਲਈ ਦਿੱਤੀ ਗਈ ਦਲੇਰੀ ਇਸ ਕਰਕੇ ਦਿੱਤੀ ਗਈ ਹੈ **ਇਸ ਲਈ ਜੋ ਦਿਨ ਬੁਰੇ ਹਨ।** ਪਹਿਲਾਂ ਪੌਲੁਸ ਨੇ ਇਸ ਤੱਥ ਦੀ ਗੱਲ ਕੀਤੀ ਸੀ ਕਿ ਦੁਸ਼ਟ ਸੰਸਾਰ ''ਹਵਾਈ ਇਖ਼ਤਿਆਰ ਦੇ ਸਰਦਾਰ ਅਰਥਾਤ ਉਸ ਰੂਹ'' ਦੀ ਸ਼ਕਤੀ ਦੇ ਵੱਸ ਵਿਚ ਹੈ ''ਜਿਹੜੀ ਹੁਣ ਅਣਆਗਿਆਕਰੀ ਦੇ ਪੁੱਤਰਾਂ ਵਿਚ ਅਸਰ ਕਰਦੀ ਹੈ'' (2:2)। ਇਸ ਸੰਸਾਰ ਵਿਚ ਸਾਨੂੰ ਮਸੀਹੀ ਹੋਣ ਦੇ ਨਾਤੇ ਅਜਿਹੀ ਜ਼ਿੰਦਗੀ ਜੀਣੀ ਜ਼ਰੂਰੀ ਹੈ ਜਿਹਦੇ ਲਈ ਖ਼ੁਦਾ ਨੇ ਸਾਨੂੰ ਦੱਦਿਆ ਹੈ। ਸਾਨੂੰ ਭਲੇ ਕੰਮ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਚੁੱਕਣਾ ਚਾਹੀਦਾ ਹੈ, ''ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ'' (2:10)। ਸਮਾਂ ਸੀਮਤ ਹੈ, ਭਲਿਆਈ ਕਰਨ ਦੇ ਮੌਕੇ ਬਹੁਤ ਹਨ ਅਤੇ ਬੁਰਿਆਈ ਦੀ ਭਰਮਾਰ ਹੈ। ਇਸ ਕਰਕੇ ਮਸੀਹੀ ਲੋਕਾਂ ਦੀ ਜਦ ਤਕ ਹੋ ਸਕੇ, ਜੋ ਉਹ ਹਨ ਅਤੇ ਜੋ ਕੁਝ ਉਹ ਹਨ ਉਸ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ।

ਫਿਰ ਪੌਲੁਸ ਨੇ ਵਿਖਾਇਆ ਕਿ ਸਮਝਦਾਰੀ ਨਾਲ ਚੱਲਣ ਲਈ ਮਸੀਹੀ ਲੋਕਾਂ ਲਈ ਖ਼ੁਦਾ ਦੀ ਇੱਛਾ ਨੂੰ ਸਮਝਣਾ (5:17) ਅਤੇ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ (5:18)। ਜ਼ਰੂਰੀ ਹੈ।

### **''ਖ਼ੁਦਾ ਦੀ ਇੱਛਾ ਨੂੰ ਸਮਝੋ''** (5:17)

**17ਇਸ ਕਾਰਣ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ।**

**ਆਇਤ 17.** ਅਫ਼ਸੁਸ ਦੇ ਮਸੀਹੀ ਲੋਕਾਂ ਲਈ ਇਹ ਸਮਝਣਾ ਜ਼ਰੂਰੀ ਸੀ **ਭਈ ਪ੍ਰਭੂ ਦੀ ਕੀ ਇੱਛਿਆ ਹੈ।** ਕਿਸੇ ਆਦਮੀ ਲਈ ਇਸ ਬੁਰੇ ਸੰਸਾਰ ਵਿਚ ਭਲਿਆਈ ਕਰਨ ਲਈ ਆਪਣੇ ਮੌਕਿਆਂ ਦਾ ਫ਼ਾਇਦਾ ਲੈਣ ਲਈ ਜ਼ਰੂਰੀ ਹੈ ਕਿ ਉਸ ਨੂੰ ਪਤਾ ਹੋਵੇ ਕਿ ਖ਼ੁਦਾ ਉਸ ਤੋਂ ਕੀ ਕਰਵਾਉਣਾ ਚਾਹੇਗਾ। ਮੂਰਖ ਹੋਣ ਨਾਲੋਂ ਬੁੱਧਵਾਨ ਹੋਣ ਲਈ ਉਸ ਖ਼ੁਦਾ ਦੀ ਸਿੱਖਿਆ ਦਾ ਗਿਆਨ ਹੋਣਾ ਜ਼ਰੂਰੀ ਹੈ। ਇਸ ਖ਼ਤ ਵਿਚ ਜੋ ਕੁਝ ਪੌਲੁਸ ਨੇ ਅਫਸੀਆਂ ਨੂੰ ਦੱਸਿਆ ਸੀ ਉਹ ਉਨ੍ਹਾਂ ਨੂੰ ''ਪ੍ਰਭੂ ਦੀ ਇੱਛਿਆ'' ਤੋਂ ਜਾਣੂ ਹੋਣ ਲਈ ਬਣਾਇਆ ਗਿਆ ਸੀ। ਕੁਲੁੱਸੇ ਦੇ ਲੋਕਾਂ ਲਈ ਪੌਲੁਸ ਦੀ ਦੁਆ ਸੀ ਕਿ ਉਹ ''ਹਰ ਪ੍ਰਕਾਰ ਦੇ ਆਤਮਿਕ ਗਿਆਨ ਅਰ ਸਮਝ ਨਾਲ ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ'' ਜਾਣ (ਕੁਲੁੱਸੀਆਂ 1:9)। ਅਫ਼ਸੀਆਂ ਦੇ ਨਾਲ ਨਾਲ ਕੁਲੁੱਸੇ ਲਈ ਵੀ ਉਹ ਚਾਹੁੰਦਾ ਸੀ ਕਿ ਉਹ ਖ਼ੁਦਾ ਦੀ ਸਚਿਆਈ ਨੂੰ ਜਾਣ ਲੈਣ, ਇਸ ਨੂੰ ਸਮਝ ਲੈਣ ਅਤੇ ਉਨ੍ਹਾਂ ਵਿਚ ਇਸ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਸਹੀ ਢੰਗ ਨਾਲ ਲਾਗੂ ਕਰਨ ਦੀ ਸਮਝ ਮਿਲੇ।

ਅੱਜ ਪਵਿੱਤਰ ਲਿਖਤ ਦਾ ਧਿਆਨ ਨਾਲ ਅਧਿਐਨ ਕਰਕੇ ਮਸੀਹੀ ਲੋਕਾਂ ਨੂੰ ਪਤਾ ਹੈ ਕਿ ਪ੍ਰਭੂ ਉਨ੍ਹਾਂ ਤੋਂ ਕੀ ਉਮੀਦ ਕਰਦਾ ਹੈ। ਸਮਝਦਾਰੀ ਨਾਲ ਚੌਕਸੀ ਨਾਲ ਚੱਲਣ ਲਈ ਵਚਨ ਦੀ ਜਾਣਕਾਰੀ, ਸਮਝ, ਇਸ ਨੂੰ ਲਾਗੂ ਕਰਨਾ ਅਤੇ ਇਸ ਦੇ ਅਨੁਸਾਰ ਜ਼ਿੰਦਗੀ ਜੀਣਾ ਜ਼ਰੂਰੀ ਰਿਹਾ ਹੈ।

## ਆਤਮਾ ਨਾਲ ਭਰਪੂਰ ਹੋ ਜਾਓ (5: 18-21)

**18ਅਤੇ ਮੈ ਨਾਲ ਮਸਤ ਨਾ ਹੋਵੋ ਜਿਹ ਦੇ ਵਿਚ ਲੁੱਚਪੁਣਾ ਹੁੰਦਾ ਹੈ ਸਗੋਂ ਆਤਮਾ ਨਾਲ ਭਰਪੂਰ
ਹੋ ਜਾਓ। 19ਅਤੇ ਜ਼ਬੂਰ ਅਤੇ ਭਜਨ ਅਤੇ ਆਤਮਕ ਗੀਤ ਗਾ ਕੇ ਇਕ ਦੂਏ ਨਾਲ ਗੱਲਾਂ ਕਰੋ ਅਤੇ
ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ। 20ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ
ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਰਹੋ। 21ਅਤੇ ਮਸੀਹ ਦੇ
ਭੌ ਵਿਚ ਇਕ ਦੂਏ ਦੇ ਅਧੀਨ ਰਹੋ।**

ਫਿਰ ਪੌਲੁਸ ਨੇ ''ਆਤਮਾ ਨਾਲ ਭਰਪੂਰ ਹੋ'' ਜਾਣ ਲਈ ਜ਼ਰੂਰੀ ਗੱਲਾਂ ਦੱਸੀਆਂ। 5: 19–21 ਵਿਚ ਉਸ ਨੇ ਇਨ੍ਹਾਂ ਤਿੰਨ ਨਿਯਮਾਂ ਦੀ ਵਰਤੋਂ ਕਰਦਿਆਂ ਕੁਝ ਨਤੀਜੇ ਵਿਖਾਏ। ਨਿਹਚਾ ਵਿਚ ਵੱਧਣ ਵਾਲੇ ਮਸੀਹੀ ਲੋਕ ਗਾ ਕੇ ਖ਼ੁਦਾ ਦੀ ਵਡਿਆਈ ਕਰਦੇ ਹਨ, ਹਰ ਗੱਲ ਵਿਚ ਉਸ ਦੀ ਸ਼ੁਕਰਗੁਜ਼ਾਰੀ ਕਰਦੇ ਹਨ ਅਤੇ ਭਾਈਚਾਰੇ ਨਾਲ ਸਹਯੋਗ ਵਿਚ ਇਕ ਦੂਜੇ ਨੂੰ ਸਮਰਪਤ ਹੁੰਦੇ ਹਨ।

**ਆਇਤ 18.** ਬੁੱਧਵਾਨਾਂ ਵਾਂਗੂ ਚੌਕਸੀ ਨਾਲ ਚੱਲਣ ਲਈ **ਆਤਮਾ ਨਾਲ ਭਰਪੂਰ** ਹੋਣਾ ਸ਼ਾਮਿਲ ਹੈ। ਪੌਲੁਸ ਨੇ **ਮੈ ਨਾਲ ਮਸਤ ਨਾ** ਹੋਣ ਦੇ ਨਕਾਰਾਤਮਕ ਵਾਕ ਨਾਲ ਸ਼ੁਰੂਆਤ ਕੀਤੀ। ਮਸਤ ਹੋਣਾ ਮੂਰਖਤਾ ਭਰੀ ਜੀਵਨਸ਼ੈਲੀ ਨਾਲ ਸਬੰਧਿਤ ਹੈ ਨਾ ਕਿ ਸਮਝਦਾਰੀ ਵਾਲੀ ਜੀਵਨ ਸ਼ੈਲੀ ਨਾਲ। ਹਨੇਰੇ ਵਿਚ ਰਹਿਣ ਵਾਲੇ ਲੋਕ ਬੇਸ਼ੱਕ ਮਸਤ ਹੋ ਸਕਦੇ ਹਨ ਪਰ ਚਾਨਣ ਵਿਚ ਰਹਿਣ ਵਾਲੇ ਲੋਕ ਸਿਆਣੇ ਹੁੰਦੇ ਹਨ (ਵੇਖੋ ਰੋਮੀਆਂ 13: 12, 13; 1 ਥੱਸਲੁਨੀਕੀਆਂ 5: 6–8)। ਪੌਲੁਸ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਮਸਤੀ ਨਾਲ **ਲੁੱਚਪੁਣਾ** (*asētia*)। ਯੂਨਾਨੀ ਸ਼ਬਦ (*sōizō,* ''ਬਚਾਉਣਾ,'' ''ਬਚਾਅ ਕਰਨਾ,'' ''ਸੰਭਾਲਣਾ'') ਨਾਲ ਹੈ;[6] ਪਰ ਨਾਕਾਰਾਤਮਕ ਪੂਰਗ ਸਰਗ *alpha* ਦੇ ਨਾਲ *Asōtia* ''ਫ਼ਜ਼ੂਲਪੁਣਾ'' ਜਾਂ ''ਬੇਪਰਵਾਹੀ ਨਾਲ ਛੱਡ ਦੇਣਾ'' ਦੇ ਵਿਚਾਰ ਦਾ ਸੰਕੇਤ ਦਿੰਦਾ ਹੈ। ਪੌਲੁਸ ਕਹਿ ਰਿਹਾ ਸੀ ਕਿ ਮਸਤ ਹੋਣਾ ਕੋਈ ਖੂਬੀ ਨਹੀਂ ਬਲਕਿ ''ਭ੍ਰਿਸ਼ਟ, ਚਰਿੱਤਰਹੀਣ,'' ਬੇਕਾਬੂ, ਬੇਕਾਰ ਜ਼ਿੰਦਗੀ ਹੈ।[7] ਆਦਮੀ ਉਸੇ ਦੇ ਵਸ ਵਿਚ ਰਹਿੰਦਾ ਹੈ ਜੋ ਸਭ ਤੋਂ ਪਹਿਲਾਂ ਉਸ ਦੇ ਮਨ ਵਿਚ ਆਉਂਦਾ ਹੈ। ਜੇ ਉਹ ਦਾ ਧਿਆਨ ਸ਼ਰਾਬ ਪੀਣ ਵੱਲ ਹੈ ਤਾਂ ਉਸ ਦੀ ਜ਼ਿੰਦਗੀ ਅਜਿਹੀ ਹੈ, ਜਿਸ ਨੂੰ ਬਚਾਇਆ ਨਹੀਂ ਜਾ ਸਕਦਾ। ਇਸ ਦੇ ਉਲਟ ''ਆਤਮਾ ਨਾਲ ਭਰਪੂਰ'' ਆਦਮੀ ਦੀ ਜ਼ਿੰਦਗੀ ਭਗਤੀ ਭਰੀ ਹੈ।

''ਭਰਪੂਰ'' (*plēroō*) ਸਾਰੀ ਮੌਜੂਦਾ ਥਾਂ ਨੂੰ ''ਜਾਲ ਵਿਚ ਪਈ ਮੱਛੀ (ਮੱਤੀ 13: 48), ਖੁਸ਼ਬੂ ਨਾਲ ਭਰੇ ਘਰ (ਯੂਹੰਨਾ 12: 3); ਘਾਟੀ ਵਾਂਗ ਭਰਨਾ (ਲੂਕਾ 3: 5)'' ਦਾ ਵਿਚਾਰ ਦਿੰਦਾ ਹੈ।[8] ਸਮਝਦਾਰੀ ਜਾਂ ਮੂਰਖਤਾ ਨਾਲ ਚੌਕਸੀ ਜਾਂ ਬੇਪਰਵਾਹੀ ਨਾਲ ਚੱਲਣ ਵਿਚ ਫ਼ਰਕ ''ਆਤਮਾ ਨਾਲ ਭਰਪੂਰ'' ਹੋਣ ਲਈ ਕਬੂਲੇ ਜਾਣ ਦਾ ਹੈ।

''ਆਤਮਾ ਨਾਲ ਭਰਪੂਰ'' ਹੋਣਾ ''ਮੈ ਨਾਲ ਮਸਤ'' ਹੋਣ ਨਾਲੋਂ ਫ਼ਰਕ ਹੈ। ਜੋ ਕੁਝ ਆਦਮੀ ਦੇ ਦਿਲ ਵਿਚ ਹੁੰਦਾ ਹੈ ਉਸੇ ਨਾਲ ਉਹ ਦੇ ਕੰਮ ਚਲਾਏ ਜਾਂਦੇ ਹਨ, ਭਾਵੇਂ ਭਲਿਆਈ ਲਈ ਹੋਵੇ ਜਾਂ ਬੁਰਿਆਈ ਲਈ। ਮਸੀਹੀ ਆਦਮੀ ਨੂੰ ''ਆਤਮਾ ਨਾਲ ਭਰਪੂਰ'' ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ। ਆਤਮਾ ਦੇ ਸੁਭਾਅ ਨਾਲ ਭਰੇ ਹੋਣ ਦੀ ਗੱਲ ''ਪਵਿੱਤਰ ਆਤਮਾ ਦੇ ਦਾਨ'' ਨਾਲੋਂ ਫ਼ਰਕ ਹੈ ਜਿਹੜਾ ਬਪਤਿਸਮੇ ਵੇਲੇ ਦਿੱਤਾ ਜਾਂਦਾ ਹੈ (ਰਸੂਲਾਂ ਦੇ ਕੰਮ 2: 38)। ਆਤਮਾ ਦਾ ਦਾਨ ਖ਼ੁਦ ਆਤਮਾ ਹੈ ਜੋ ਨਿਹਚਾ ਕਰਨ ਵਾਲੇ ਨੂੰ ਦਿੱਤਾ ਜਾਂਦਾ ਹੈ ਅਤੇ ਉਸ ਵਿਚ ਵਾਸ ਕਰਦਾ ਹੈ (ਰਸੂਲਾਂ ਦੇ ਕੰਮ 5: 32; 1 ਕੁਰਿੰਥੀਆਂ 6: 19)। ਅਫ਼ਸੀਆਂ ਨੂੰ ਪੌਲੁਸ ਨੇ ਜੋ ਕੁਝ ਪਹਿਲਾਂ ਕਿਹਾ ਉਹਦੇ ਮੁਤਾਬਿਕ ਇਹ ਦਾਨ ਆਤਮਾ ਦੇ ਰਾਹੀਂ ਸ਼ਕਤੀ ਨਾਲ ਅੰਦਰੂਨੀ ਮਨੁੱਖ ਨੂੰ ਮਜ਼ਬੂਤ ਕਰਨ ਦਾ ਹੈ

(3:16)। ਮਸੀਹੀ ਆਦਮੀ ਦੀ ਜ਼ਿੰਦਗੀ ਵਿਚ ਆਤਮਾ ਦੀ ਸਮਰੱਥਾ ਆਤਮਾ ਦੇ ਖ਼ੁਦਾ ਦੇ ਵੱਸ ਵਿਚ ਉਸ ਦੀ ਮਦਦ ਕਰਨ ਵਿਚ ਉਸ ਦੀ ਇੱਛਾ ਅਤੇ ਭਰੋਸਾ ਨਾਲ ਚਲਾਈ ਜਾਂਦੀ ਹੈ। ਜਿੱਥੇ ਸ਼ਰਾਬੀ ਆਦਮੀ ਆਪਣੇ ਆਪ ਨੂੰ ਸ਼ਰਾਬ ਦੇ ਵੱਸ ਵਿਚ ਕਰ ਦਿੰਦਾ ਹੈ ਉੱਥੇ ਹੀ ਮਸੀਹੀ ਆਦਮੀ ਆਪਣੀ ਸਮਝ, ਆਪਣੇ ਜਜ਼ਬਾਤ ਅਤੇ ਆਪਣੀਆਂ ਇੱਛਾਵਾਂ ਨੂੰ ਖ਼ੁਦਾ ਦੀ ਇੱਛਾ ਦੇ ਸਪੁਰਦ ਕਰ ਦਿੰਦਾ ਹੈ। ਉਹ ਆਤਮਾ ਖ਼ੁਦਾ ਦੇ ਵਸ ਵਿਚ ਹੋਣ ਵਿਚ ਉਸ ਦੀ ਮਦਦ ਕਰ ਸਕਦਾ ਹੈ।

**ਆਇਤ 19.** ਮਸੀਹੀ ਆਦਮੀ ਦੇ ਆਤਮਾ ਨਾਲ ਭਰੇ ਹੋਣ ਦਾ ਸਬੂਤ ਮੋਅਜਜ਼ਿਆਂ ਦੇ ਨਿਸ਼ਾਨ ਵਿਖਾਉਣ ਤੋਂ ਨਹੀਂ ਬਲਕਿ ਉਹ ਦੀ ਪਸੰਦ ਤੋਂ ਮਿਲਦਾ ਹੈ। ਪਹਿਲਾਂ ਤਾਂ ''ਆਤਮਾ ਨਾਲ ਭਰਪੂਰ'' ਉਹ ਲੋਕ ਹਨ ਜਿਹੜੇ ਬੰਦਗੀ ਕਰਦੇ ਹਨ। **ਗਾ ਕੇ** ਜ਼ਰੂਰ ਹੀ ਸੰਤਾਂ ਦੀ ਸਭਾ ਲਈ ਕਿਹਾ ਗਿਆ ਹੈ, ਕਿਉਂ ਜੋ ਪੌਲੁਸ ਨੇ ਕਿਹਾ ਕਿ **ਕਿ ਦੂਏ ਨਾਲ।** ਇਹ ਨਿੱਜੀ ਬੰਦਗੀ ਨਹੀਂ ਹੈ ਬਲਕਿ ਕੁਝ ਅਜਿਹਾ ਹੈ ਜੋ ਹੋਰਨਾਂ ਦੇ ਨਾਲ ਕੀਤਾ ਜਾਂਦਾ ਹੈ।

ਗਾਉਣ ਵਿਚ **ਜ਼ਬੂਰ** (*psalmos*) **ਭਜਨ** (*humnos*) ਅਤੇ **ਆਤਮਿਕ ਗੀਤ** (*ōidē*) ਹੁੰਦੇ ਹਨ। ਮਕਸਦ ਇਕ ਦੂਜੇ ਨੂੰ ਸਮਝਾਉਣਾ, ਅਤੇ ਤਾੜਨਾ ਦੇਣਾ ਹੁੰਦਾ ਹੈ (ਵੇਖੋ ਕੁਲੁੱਸੀਆਂ 3:16, ਜਿੱਥੇ ਪੌਲੁਸ ਨੇ ''ਇਕ ਦੂਏ ਨੂੰ ਉਪਦੇਸ਼ ਦੇਣ ਅਤੇ ਚਿਤਾਰਨ'' ਲਈ ਕਿਹਾ)। ''ਗੱਲਾਂ ਕਰਨਾ'' ਅਤੇ ''ਉਪਦੇਸ਼ ਦੇਣਾ ਅਤੇ ਚਿਤਾਰਨਾ'' ''ਜ਼ਬੂਰਾਂ'' ਨਾਲ ਕੀਤਾ ਜਾਣਾ ਹੈ। ''ਜ਼ਬੂਰਾਂ'' ਤੋਂ ਪੌਲੁਸ ਦਾ ਭਾਵ ਬੇਸ਼ੱਕ ਪੁਰਾਣੇ ਨੇਮ ਦੇ ਉਹ ਜ਼ਬੂਰ ਹੋਣਗੇ ਜਿਹੜੇ ਗੌਣ ਲਈ ਲਿਖੇ ਗਏ ਸਨ। ਬਹੁਤ ਸਾਰੇ ਜ਼ਬੂਰ ਅੱਜ ਕਲੀਸੀਆ ਵੱਲੋਂ ਗਾਉਣ ਵਿਚ ਸੈਟ ਕੀਤੇ ਜਾਂਦੇ ਅਤੇ ਵਰਤੇ ਜਾਂਦੇ ਹਨ ''ਭਜਨ'' ਧਾਰਮਿਕ ਕਵਿਤਾਵਾਂ ਹਨ ਜਿਨ੍ਹਾਂ ਦੀ ਲੈਅ ਬਿਠਾਈ ਜਾਂਦੀ ਹੈ ਅਤੇ ਖ਼ੁਦਾ ਨੂੰ ਸੰਬੋਧਿਤ ਹੁੰਦੀਆਂ ਹਨ ਜਾਂ ਖ਼ੁਦਾ ਬਾਰੇ। ਗਾਉਣ ਵਿਚ ''ਆਤਮਿਕ'' (*pneumatikos*), ਗਾਉਣ ਉਹ ਸੰਸਾਰਿਕ ਵਿਸ਼ਿਆਂ ਨਾਲ ਨਾ ਹੋ ਕੇ ਧਾਰਮਿਕ ਵਿਸ਼ਿਆਂ ਤੇ ਹੋਣਾ ਅਤੇ ਉਨ੍ਹਾਂ ਨਾਲ ਸਿੱਖਿਆ, ਦਲੇਰੀ, ਚਿਤਾਵਨੀ ਜਾਂ ਫੌਰੀ ਹੁਕਮ ਮੰਨਣ ਦੀ ਗੱਲ ਹੋ ਸਕਦੀ ਹੈ। ''ਜ਼ਬੂਰ'' ਅਤੇ ''ਭਜਨ'' ਅਤੇ ''ਆਤਮਿਕ ਗੀਤ'' ਵਿਚ ਸਾਫ਼ ਫ਼ਰਕ ਦਾ ਸੰਕੇਤ ਦੇਣਾ ਮੁਸ਼ਕਿਲ ਹੈ। ਪੌਲੁਸ ਨੇ ਭਾਵੇਂ ਇਨ੍ਹਾਂ ਨੂੰ ਵੱਖੋ ਵੱਖ ਲਿਖਿਆ ਹੈ ਪਰ ਉਸ ਨੇ ਸਿਰਫ਼ ਮਿਲਦੇ ਜੁਲਦੇ ਸ਼ਬਦਾਂ ਦੇ ਰੂਪ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਹੋਵੇਗੀ। ਇਹ ਤਿੰਨੇ ਸ਼ਬਦ ਧਾਰਮਿਕ ਗੀਤਾਂ ਲਈ LXX (ਸਪਤਤੀ ਅਨੁਵਾਦ) ਵਿਚ ਜ਼ਬੂਰਾਂ ਵਿਚ ਆਮ ਤੌਰ ਤੇ ਵਰਤੇ ਗਏ ਹਨ ਅਤੇ ਇਨ੍ਹਾਂ ਦੀ ਵਰਤੋਂ ਇਕ ਦੂਜੇ ਦੇ ਨਾਲ ਹੋਈ ਹੈ।[9] ਪਹਿਲੀ ਸਦੀ ਦੇ ਯਹੂਦੀ ਇਤਿਹਾਸ ਕਾਰ ਫਲੇਵਿਅਸ ਜੋਸੇਫ਼ਸ ਨੇ ਆਪਣੇ ਲੇਖਾਂ ਵਿਚ ''ਭਜਨਾਂ'' ਨੂੰ ''ਜ਼ਬੂਰਾਂ'' ਅਤੇ ''ਗੀਤਾਂ'' ਨਾਲ ਜੋੜਿਆ ਹੈ।[10] ਇਨ੍ਹਾਂ ਸ਼ਬਦਾਂ ਦੀਆਂ ਪਰਿਭਾਸ਼ਾਵਾਂ ਭਾਵੇਂ ਫ਼ਰਕ ਹਨ ਪਰ ਇਸ ਗੱਲ ਤੇ ਸਾਰੇ ਸਹਿਮਤ ਹਨ ਕਿ ਪੌਲੁਸ ਦੀ ਹਦਾਇਤ ਮੁਤਾਬਿਕ ਗਾਏ ਜਾਣ ਵਾਲੀ ਗੱਲ ਖ਼ੁਦਾ ਨਾਲ ਅਤੇ ਸਾਡੇ ਉਹਦੀ ਬੰਦਗੀ ਕਰਨ ਨਾਲ ਸਬੰਧਿਤ ਹਨ।

ਗਾਉਣ ਦਾ ਮਕਸਦ ਦੋਹਰਾ ਹੈ। ਪਹਿਲਾਂ ਤਾਂ ਇਹ ਉਪਦੇਸ਼ ਦੇਣ, ਚਿਤਾਉਣ ਅਤੇ **ਇਕ ਦੂਏ ਨਾਲ** ਗੱਲਾਂ ਕਰਨ ਲਈ ਹੈ। ਜਾਂ ਇਹ ਸ਼ੁਕਰਗੁਜ਼ਾਰੀ ਨਾਲ *ਖ਼ੁਦਾ ਵੱਲ* ਉੱਪਰ ਨੂੰ ਪਹੁੰਚਣਾ ਹੈ (ਵੇਖੋ ਕੁਲੁੱਸੀਆਂ 3:16)। ਗਾਉਣਾ ''ਸਿਖਾਉਣ'' ਜਾਂ ਹਦਾਇਤ ਦੇਣ[11] ਅਤੇ ''ਚਿਤਾਉਣਾ'' ਭਾਵ ''ਚਿਤਾਵਨੀ ਦੇਣ, ਸਮਝਾਉਣ ... ਦਲੇਰੀ (ਜਾਂ) ਝਾੜ ਦੇਣ'' ਲਈ ਬਣਾਇਆ ਗਿਆ ਹੈ।[12]

**ਗਾਉਂਦੇ ਵਜਾਉਂਦੇ** *psallō* ਦਾ ਇਕ ਰੂਪ *psallontes* ਹੈ। ਇਸ ਦੇ ਸਹੀ ਸਹੀ ਅਰਥ ਉੱਤੇ ਕਾਫ਼ੀ ਝਗੜਾ ਹੈ। ਸਤਾਰਾਂ ਯੂਨਾਨੀ–ਅੰਗ੍ਰੇਜ਼ੀ ਸ਼ਬਦਕੋਸ਼ਾਂ ਤੋਂ ਪਰਿਭਾਸ਼ਾਵਾਂ ਲੈਣ ਦੇ ਬਾਅਦ ਐਮ. ਸੀ. ਕੁਰਫ਼ੀਸ ਨੇ ਨਿਚੋੜ ਕੱਢਿਆ ਕਿ ਸਦੀਆਂ ਤੋਂ *psallō* ਦਾ ਅਨੁਵਾਦ ਪੰਜ ਵੱਖੋ ਵੱਖ ਅਰਥਾਂ ਵਿਚ ਕੀਤਾ ਗਿਆ ਹੈ।

(1) ਵਾਲ ਤੋੜਨਾ; (2) ਕਮਾਨ ਦੀ ਤਾਰ ਨੂੰ ਟਣਕਾਉਣਾ; (3) ਤਰਖਾਣ ਦੀ ਲਕੀਰ ਖਿੱਚਣਾ; (4) ਤਾਲ ਬਣਾਉਣ ਲਈ ਵਾਜੇ ਦੇ ਤਾਰ ਛੇੜਨਾ ਅਤੇ (5) ਗਾਉਣ, ਤਾਰੀਫ਼ ਦੇ ਭਜਨਾਂ ਨਾਲ ਮਨਾਉਣ ਲਈ ਮਨੁੱਖੀ ਦਿੱਲ ਦੇ ਤਾਰ ਛੂਹਣਾ।[13]

ਕੁਰਫ਼ੀਸ ਨੇ *psallo* ਦੀਆਂ ਪਹਿਲੀਆਂ ਤਿੰਨ ਵਰਤੋਂ ਨੂੰ ਇਹ ਕਹਿੰਦਿਆਂ ਖ਼ਾਰਜ ਕੀਤਾ ਕਿ ਇਨ੍ਹਾਂ ਦਾ ਬੰਦਗੀ ਨਾਲ ਕੋਈ ਸਬੰਧ ਨਹੀਂ ਹੈ। ਫਿਰ ਸ਼ਬਦ ਕੋਸ਼ਾਂ ਨਾਲ ਇਹ ਵਿਖਾਉਣ ਲਈ ਕਿ ਨਵੇਂ ਨੇਮ ਵਿਚ ਇਸ ਸ਼ਬਦ ਦਾ ਅਰਥ ਗਾਉਣ ਵਿਚ ਖ਼ੁਦਾ ਦੀ ਵਡਿਆਈ ਗਾਉਣਾ ਹੈ ਅੱਗੇ ਵਧਿਆ।[14] ਆਪਣੀ ਕਿਤਾਬ ਵਿਚ ਕੁਰਫਿਸ ਨੇ ਕਲੀਸੀਆ ਦੇ ਪੁਰਖਿਆਂ (ਕਲੀਸੀਆ ਦੇ ਆਗੂ ਜਿਹੜੇ ਰਸੂਲਾਂ ਦੇ ਮੁੱਢਲੇ ਕੁਝ ਸਾਲਾਂ ਦੇ ਦਰਮਿਆਨ ਰਹੇ) ਦੋਬਾਰਾ *psallō* ਦੀ ਵਰਤੋਂ, ਖ਼ਾਸ ਅਤੇ ਆਮ ਹੁਕਮਾਂ ਦੀ ਰੌਸ਼ਨੀ ਵਿਚ ਇਸ ਦੀ ਵਰਤੋਂ ਅਤੇ ਨਵੇਂ ਨੇਮ ਵਿਚ ਇਸ ਦੀ ਵਰਤੋਂ ਦੀ ਸਮੀਖਿਆ ਕੀਤੀ। ਉਸ ਨੇ ਨਿਚੋੜ ਕੱਢਿਆ ਕਿ ਪਹਿਲੀ ਸਦੀ ਦੀ ਕਲੀਸੀਆ ਦਾ ਸੰਗੀਤ ਹਮੇਸ਼ਾ ਗਲੇ ਦਾ ਹੀ ਹੁੰਦਾ ਸੀ। ਨਵੇਂ ਨੇਮ ਵਿਚ ਗਾਉਣ ਦੇ ਹੁਕਮ ਦਾ ਪੁਰਾਣੇ ਨੇਮ ਵਿਚ ਹੋ ਚੁੱਕੀਆਂ ਗੱਲਾਂ, ਸੁਰਗ ਵਿਚ ਹੋਣ ਵਾਲੀਆਂ ਗੱਲਾਂ ਜਾਂ ਲੋਕਾਂ ਨੂੰ ਦਿਲਕਸ਼ ਲੱਗਣ ਵਾਲੀਆਂ ਗੱਲਾਂ ਨਾਲ ਕੋਈ ਸਬੰਧ ਨਹੀਂ ਹੈ। ਜਿਸ ਦਾ ਸਬੰਧ ਸਿਰਫ਼ ਇਸ ਗੱਲ ਨਾਲ ਹੈ ਕਿ ਨਵੇਂ ਨੇਮ ਵਿਚ ਰਹਿਣ ਵਾਲੇ ਲੋਕਾਂ ਨੂੰ ਖ਼ੁਦਾ ਨੇ ਬੰਦਗੀ ਵਿਚ ਕਰਨ ਭਾਵ ਗਾਉਣ ਲਈ ਕੀ ਕਿਹਾ ਹੈ। ਜੇ ਕੋਈ ਚੌਕਸੀ ਨਾਲ ਅਤੇ ਸਮਝਦਾਰੀ ਨਾਲ ਰਹੇਗਾ ਤਾਂ ਉਹ ਉਹੀ ਕਰੇਗਾ ਜਿਹੜਾ ਖ਼ੁਦਾ ਨੇ ਉਸ ਨੂੰ ਕਰਨ ਲਈ ਆਖਿਆ ਹੈ।

**ਇਸ ਦੇ ਨਾਲ ਮਨ ਲਾ ਕੇ ਪ੍ਰਭੂ ਲਈ** ਸੁਰ ਮਿਲਾਉਣ ਦੀ ਗੱਲ ਬੰਦਗੀ ਦੇ ਸਿੱਧੇ ਪਹਿਲੂ ਉੱਤੇ ਜ਼ੋਰ ਦਿੰਦੀ ਹੈ, ਕਿਉਂਕਿ ਬੰਦਗੀ "ਪ੍ਰਭੂ ਲਈ" ਕੀਤੀ ਜਾਣੀ ਜ਼ਰੂਰੀ ਹੈ। ਇਬਰਾਨੀਆਂ 13:15 ਵਿਚ ਲੇਖਕ ਨੇ ਕਿਹਾ ਕਿ ਮਸੀਹ ਦੇ ਰਾਹੀਂ ਸਾਨੂੰ "ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ" ਚੜ੍ਹਾਉਣਾ ਜ਼ਰੂਰੀ ਹੈ। ਬੰਦਗੀ ਨਾਲ ਮਸੀਹ ਦੀ ਪੂਰੀ ਦੇਹ ਨੂੰ ਫ਼ਾਇਦਾ ਹੁੰਦਾ ਹੈ ਪਰ ਇਹ ਮੰਡਲੀ ਵਿਚ ਹਰ ਬੰਦੇ ਵੱਲੋਂ ਖ਼ੁਦਾ ਲਈ ਕੀਤੀ ਜਾਂਦੀ ਹੈ। ਛੇੜਿਆ ਜਾਣ ਵਾਲਾ ਸਾਜ ਵਾਜਾ ਨਹੀਂ ਬਲਕਿ ਦਿਲ ਹੈ। ਤਾੜਨਾ "ਗਾਉਣ" ਦੀ ਹੈ ਜਿਸ ਵਿਚ ਬੇਸ਼ੱਕ ਮੂੰਹ ਦਾ ਹੋਣਾ ਜ਼ਰੂਰੀ ਹੈ; ਪਰ *psallō* ਲਈ ਸਾਜ਼ ਦਿਲ ਹੈ। ਲਿਖਤ ਤੋਂ ਜਾਂ ਕਲੀਸੀਆ ਦੇ ਇਤਿਹਾਸ ਤੋਂ ਅਜਿਹਾ ਕੋਈ ਸਬੂਤ ਨਹੀਂ ਮਿਲਦਾ ਕਿ ਪਹਿਲੀ ਸਦੀ ਦੀ ਕਲੀਸੀਆ ਬੰਦਗੀ ਵਿਚ ਸੰਗੀਤ ਦੇ ਕਿਸੇ ਤਰ੍ਹਾਂ ਦੇ ਮਸ਼ੀਨੀ ਸਾਜ਼ ਦੀ ਵਰਤੋਂ ਕਰਦੀ ਹੋਵੇ। ਇਸ ਦੇ ਉਲਟ ਹਰ ਸਬੂਤ ਇਹ ਸੁਝਾਅ ਦਿੰਦਾ ਹੈ ਕਿ ਕਲੀਸੀਆ ਦੀ ਬੰਦਗੀ ਵਿਚ ਸੰਗੀਤ ਗਲੇ ਦਾ ਹੀ ਹੁੰਦਾ ਸੀ।

ਇਹ ਆਖਦਿਆਂ ਕਿ "ਬਾਈਬਲ ਇਸ ਦੀ ਵਰਤੋਂ ਤੇ ਕੁਝ *ਨਹੀਂ* ਕਹਿੰਦੀ ਹੈ," ਅਸੀਂ ਬੰਦਗੀ ਵਿਚ ਗਾਉਣ ਲਈ ਸਾਜ਼ਾਂ ਦੀ ਵਰਤੋਂ ਕਰ ਸਕਦੇ ਹਾਂ, ਬਿਲਕੁਲ ਨਾਜਾਇਜ ਹੈ। ਜਦ ਖ਼ੁਦਾ ਸਾਨੂੰ ਕੁਝ ਕਰਨ ਲਈ ਕਹਿੰਦਾ ਹੈ ਤਾਂ ਉਸ ਨੂੰ ਸਾਨੂੰ ਹਰ ਸੰਭਾਵਿਤ ਬਦਲ ਦੱਸ ਕੇ ਇਹ ਕਹਿਣ ਦੀ ਲੋੜ ਨਹੀਂ ਹੁੰਦੀ ਕਿ "ਉਹ ਨਾ ਕਰਨਾ।" ਖ਼ੁਦਾ ਦਾ ਵਚਨ ਉਨ੍ਹਾਂ ਹੁਕਮਾਂ ਨੂੰ ਬਾਹਰ ਕਰਦਿਆਂ ਜਿਨ੍ਹਾਂ ਦਾ ਇਸ ਨੇ ਹੁਕਮ ਨਹੀਂ ਕੀਤਾ ਹੈ, ਨਿਵੇਕਲਾ ਹੋਣ ਦੇ ਨਾਲ ਉਨ੍ਹਾਂ ਹੁਕਮਾਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਹੁਕਮਾਂ ਸਣੇ *ਸਮੁੱਚਾ* ਹੈ। ਬੰਦਗੀ ਕਰਨ ਵਾਲਿਆਂ ਲਈ "ਪ੍ਰਭੂ ਲਈ" ਹੋਣਾ ਅਤੇ ਆਪਣੇ ਦਿਲਾਂ ਦਿਆਂ ਸੁਰਾਂ ਨੂੰ ਮਿਲਾਉਣਾ ਜ਼ਰੂਰੀ ਹੈ ਜਦ ਮਸੀਹ ਅਤੇ ਖ਼ੁਦਾ ਦੀ ਭਰਪੂਰੀ ਵਾਸ ਕਰਦੇ ਹਨ ਤਾਂ ਆਤਮਾ ਨਾਲ ਭਰਪੂਰ ਹੋਣ ਵਾਲਿਆਂ ਦੇ ਅਨੰਦ ਨਾਲ ਭਰੇ ਮਨ ਪ੍ਰਭੂ ਦੀ ਮਹਿਮਾ ਵਿਚ ਬਾਹਰ ਨੂੰ ਆਉਂਦੇ ਹਨ।

**ਆਇਤ 20.** "ਆਤਮਾ ਨਾਲ ਭਰਪੂਰ" ਹੋਣ ਦਾ ਦੂਜਾ ਸਬੂਤ ਸ਼ੁਕਰਗੁਜ਼ਾਰੀ ਹੈ। ਪੌਲੁਸ

ਨੇ ਕਿਸੇ ਸਮੇਂ ਕੁਝ ਗੱਲਾਂ ਲਈ ਸ਼ੁਕਰਗੁਜ਼ਾਰੀ ਕਰਨ ਲਈ ਨਹੀਂ ਬਲਕਿ **ਸਭਨਾਂ ਗੱਲਾਂ ਦੇ ਲਈ ਧੰਨਵਾਦ** ਕਰਨ ਲਈ ਆਖਿਆ। 1 ਥੱਸਲੁਨੀਕੀਆਂ 5:18 ਵਿਚ ਉਸ ਨੇ ਲਿਖਿਆ, ''ਹਰ ਗੱਲ ਵਿਚ ਧੰਨਵਾਦ ਕਰੋ।'' ਮਸੀਹੀ ਆਦਮੀ ਹਰ ਚੰਗੀ ਗੱਲ ਲਈ ਸ਼ੁਕਰਗੁਜ਼ਾਰੀ ਕਰ ਸਕਦਾ ਹੈ। ਉਹ ਇਹ ਜਾਣਦੇ ਹੋਏ ਕਿ ਖ਼ੁਦਾ ਉਨ੍ਹਾਂ ਲਈ ''ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਨੂੰ ਮਿਲਾ ਕੇ ਭਲਿਆਈ ਕੱਢ ਸਕਦਾ ਹੈ, ਬੁਰੀਆਂ ਗੱਲਾਂ ਦੇ ਆਉਣ ਤੇ ਵੀ ਸ਼ੁਕਰ ਕਰਦਾ ਹੈ'' (ਰੋਮੀਆਂ 8:28)।

ਅਫ਼ਸੁਸ ਦੇ ਲੋਕਾਂ ਨੂੰ ਇਹ ਜਾਣਦਿਆਂ ਕਿ ਉਸ ਦੇ ਰਾਹੀਂ ਖ਼ੁਦਾ ਤਕ ਸਾਡੀ ਪਹੁੰਚ ਹੁੰਦੀ ਹੈ (ਵੇਖੋ ਯੂਹੰਨਾ 14:13; 1 ਤਿਮੋਥਿਉਸ 2:5; ਇਬਰਾਨੀਆਂ 13:15) ਅਤੇ ਇਹ ਕਿ ਉਸ ਦੇ ਰਾਹੀਂ ਸਾਡੀ ''ਇੱਕੋ ਆਤਮਾ ਵਿਚ ਪਿਤਾ ਵੱਲ ਢੋਈ ਹੁੰਦੀ ਹੈ'' (2:18)। **ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਂਮ ਉੱਤੇ** ਸ਼ੁਕਰਗੁਜ਼ਾਰੀ ਕਰਨਾ ਜ਼ਰੂਰੀ ਹੈ। ਸਾਨੂੰ **ਪਰਮੇਸ਼ੁਰ ਅਰਥਾਤ ਪਿਤਾ ਦਾ** ਭਾਵ ਉਸੇ ਦਾ ਧੰਨਵਾਦ ਦੇਣਾ ਜ਼ਰੂਰੀ ਹੈ ਜਿਸ ਬਾਰੇ ਯਾਕੂਬ ਨੇ ਕਿਹਾ, ''ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸੱਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ'' (ਯਾਕੂਬ 1:17)।

**ਆਇਤ 21.** ਮਸੀਹੀ ਲੋਕਾਂ ਦੇ ''ਆਤਮਾ ਨਾਲ ਭਰਪੂਰ'' ਹੋਣ ਦਾ ਤੀਜਾ ਸਬੂਤ ਇਹ ਹੈ ਕਿ ਉਹ **ਇਕ ਦੂਏ ਦੇ ਅਧੀਨ** ਹੋਣ। ਇਹ ਤਾੜਨਾ ਪੌਲੁਸ ਦੇ ਖ਼ਤ ਦੇ ਇਕ ਭਾਗ ਦੇ ਅਖ਼ੀਰ ਨੂੰ ਵਿਖਾਉਂਦੀ ਹੈ, ਪਰ ਇਹ ਦੂਜੇ ਭਾਗ ਨੂੰ ਵੀ ਵਿਖਾਉਂਦੀ ਹੈ। ਰਸੂਲ ਨੇ ਪਰਿਵਾਰਾਂ ਅਤੇ ਗੁਲਾਮੀ ਨਾਲ ਵਿਹਾਰ ਕਰਨ ਵਾਲੇ ਖ਼ਤ ਦੇ ਲੰਮੇ ਭਾਗ ਦਾ ਪਰਿਚੈ ਦੇਣ ਲਈ ਇਕ ਦੂਜੇ ਦੇ ਅਧੀਨ ਹੋਣ ਦੇ ਵਿਚਾਰ ਦੀ ਵਰਤੋਂ ਕੀਤੀ। ਪੌਲੁਸ ਚਾਹੁੰਦਾ ਸੀ ਕਿ ਅਫ਼ਸੁਸ ਦੇ ਮਸੀਹੀ ਲੋਕ ਇਕ ਬਣ ਕੇ ਰਹਿਣ ਅਜਿਹਾ ਕਰਨ ਲਈ ਉਨ੍ਹਾਂ ਲਈ ਖ਼ੁਦਾ ਲਈ ਸਮਰਪਣ ਅਤੇ ਹਲੀਮੀ ਨੂੰ ਵਿਖਾਉਣਾ, ਧੀਰਜ ਰੱਖਣਾ, ਸਹਿਨਸ਼ੀਲ ਹੋਣਾ ਅਤੇ ਇਕ ਦੂਜੇ ਲਈ ਪ੍ਰੇਮ ਰੱਖਣਾ ਜ਼ਰੂਰੀ ਹੈ (4:2, 3)। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਲੀਸੀਆ ਦੀ ਏਕਤਾ ਵਿਚ ਦਖਲ ਦੇਣ ਵਾਲੀਆਂ ਗੁਮਰਾਹ ਕਰਨ ਵਾਲੀਆਂ ਗੱਲਾਂ ਅਤੇ ਕੰਮਾਂ ਤੋਂ ਖ਼ਬਰਦਾਰ ਰਹਿ ਕੇ, ਪਵਿੱਤਰ ਆਤਮਾ ਨੂੰ ਉਦਾਸ ਕਰਨ ਤੋਂ ਬਚਣਾ ਸੀ (4:25–32)। ਮਿਲ ਜੁਲ ਕੇ ਰਹਿਣ ਲਈ ਕੁੰਜੀ ਬਣਨ ਲਈ ਇਕ ਦੂਜੇ ਦੇ ਅਧੀਨ ਹੋਣਾ ਸਿੱਖਣਾ ਸੀ।

''ਅਧੀਨ'' (*hupotassō*) ''ਹੇਠਾਂ'' (*hupo*) ਅਤੇ ''ਹੁਕਮ ਲਈ'' (*tassō*) ਨੂੰ ਮਿਲਾਉਂਦਾ ਹੈ।[15] *Tasso* ਦੀ ਵਰਤੋਂ ਫੌਜੀ ਅਫ਼ਸਰ ਦੇ ਹੇਠਾਂ ਟੁਕੜੀਆਂ ਜਾਂ ਜਹਾਜ਼ਾਂ ਦੇ ਅੱਗੇ ਵੱਧਣ ਲਈ ਪ੍ਰਾਚੀਨ ਯੂਨਾਨੀ ਫੌਜੀ ਸੰਦਰਭ ਵਿਚ ਕੀਤੀ ਜਾਂਦੀ ਸੀ; ਇਸ ਵਿਚ ਇਕ ਆਦਮੀ ਦੇ ਕਿਸੇ ਦੂਜੇ ਦੇ ਅਧੀਨ ਹੋਣ ਦੀ ਗੱਲ ਹੁੰਦੀ ਸੀ। ਇਸ ਆਇਤ ਵਿਚ ਕਿਰਿਆ ਦਾ ਅਰਥ ਹੈ ''ਆਪਣੇ ਆਪ ਨੂੰ ਅਧੀਨ ਕਰਨਾ, ਹੁਕਮ ਮੰਨਣਾ।''[16] ਪੌਲੁਸ ਦੇ ਲੇਖਾਂ ਵਿਚ ਇਕ ਹੋਰ ਥਾਂ ਅਧੀਨਤਾ ਦੀ ਧਾਰਣਾ ਦੀ ਵਰਤੋਂ ਸਿਰਫ਼ ''*ਖ਼ਾਸ ਸਮੂਹਾਂ ਦੇ ਵਿਹਾਰ ਲਈ*–ਔਰਤਾਂ (1 ਕੁਰਿੰਥੀਆਂ 14:34; ਕੁਲੁੱਸੀਆਂ 3:18; 1 ਤਿਮੋਥਿਉਸ 2:11; ਤੀਤੁਸ 2:5), ਬੱਚਿਆਂ (1 ਤਿਮੋਥਿਉਸ 3:4), ਅਤੇ ਗੁਲਾਮਾਂ (ਤੀਤੁਸ 2:9)–ਜਾਂ *ਰਾਜ ਪ੍ਰਤੀ ਨਿਹਚਾਵਾਨਾਂ ਦੇ ਵਿਹਾਰ* ਲਈ (ਰੋਮੀਆਂ 13:1, 5; ਤੀਤੁਸ 3:1) ਕੀਤੀ ਗਈ ਹੈ।''[17]

**ਮਸੀਹ ਦੇ ਭੌ ਵਿਚ** ਤੋਂ ਸੁਝਾਅ ਮਿਲਦਾ ਹੈ ਕਿ ਲੋਕ ਜਿਹੜੇ ਲੋਕ ਮਸੀਹ ਦਾ ਆਦਰ ਅਤੇ ਇੱਜ਼ਤ ਕਰਦੇ ਹਨ ਉਹ ਦੂਜਿਆਂ ਨਾਲ ਵੀ ਆਦਰ ਅਤੇ ਇੱਜ਼ਤ ਨਾਲ ਵਿਹਾਰ ਕਰਨਗੇ। NIV ਵਿਚ ਕਿਹਾ ਗਿਆ ਹੈ ਕਿ ''ਮਸੀਹ ਲਈ ਅਤੇ ਮਸੀਹ ਦੇ ਕਾਰਣ ਇਕ ਦੂਜੇ ਦੇ ਅਧੀਨ ਹੋਵੋ,'' ਜਦ ਕਿ KJV ਵਿਚ ''ਖ਼ੁਦਾ ਦੇ ਖੌਫ਼'' ਦੀ ਗੱਲ ਹੈ। ਅਧੀਨਗੀ ਵਾਲਾ ਵਿਹਾਰ ਵਿਖਾਉਣਾ ਅਤੇ ਦੂਜਿਆਂ ਦੀਆਂ ਲੋੜਾਂ ਨੂੰ ਆਪਣੀਆਂ ਲੋੜਾਂ ਨਾਲੋਂ ਵੱਧ ਮੰਨਣਾ ਮਸੀਹ ਦੇ ਨਮੂਨੇ ਤੇ ਚੱਲਣਾ ਹੀ ਹੈ

(ਵੇਖੋ ਫ਼ਿਲਿੱਪੀਆਂ 2:3–8)।

5:21 ਵਿਚ ਆਮ ਨਿਯਮ ਠਹਿਰਾ ਦੇਣ ਦੇ ਬਾਅਦ 5:22–6:9 ਵਿਚ ਪੌਲੁਸ ਨੇ ਪਤੀਆਂ ਅਤੇ ਪਤਨੀਆਂ, ਮਾਪਿਆਂ ਅਤੇ ਬੱਚਿਆਂ, ਅਤੇ ਮਾਲਕਾਂ ਅਤੇ ਗੁਲਮਾਂ ਲਈ ਖ਼ਾਸ ਤੌਰ ਤੇ ਲਾਗੂ ਕੀਤਾ ਸੀ।

## ਪਤੀਆਂ ਅਤੇ ਪਤਨੀਆਂ ਦੇ ਰੂਪ ਵਿਚ ਸਬੰਧਾਂ ਦਾ ਆਦਰ ਕਰਨਾ (5:22-33)

ਕੁਲੁੱਸੀਆਂ ਤਿੰਨ ਵਾਂਗ ਅਫ਼ਸੀਆਂ 5 ਵਿਚ ਪੌਲੁਸ ਨੇ ਕਲੀਸੀਆ ਦੇ ਅੰਦਰ ਪਤੀਆਂ ਅਤੇ ਪਤਨੀਆਂ ਵਿਚਕਾਰ ਸਬੰਧਾਂ ਦੀ ਗੱਲ ਕੀਤੀ। ਉਸ ਨੇ ਪਤਨੀਆਂ ਨਾਲ ਗੱਲ ਕਰਦਿਆਂ ਇਸ ਹਦਾਇਤ ਦੀ ਸ਼ੁਰੂਆਤ ਕੀਤੀ, ਪਰ ਜੋ ਕੁਝ ਉਸ ਨੇ ਕਿਹਾ ਉਸ ਵਿੱਚੋਂ ਜ਼ਿਆਦਾਤਰ ਗੱਲਾਂ ਪਤੀਆਂ ਲਈ ਹਨ। 1 ਪਤਰਸ 3:1–7 ਵਿਚ ਦਿੱਤੇ ਗਏ ਇਸ ਜ਼ੋਰ ਨੂੰ ਉਲਟਾ ਦਿੱਤਾ ਗਿਆ ਹੈ।

### ਹੇ ਪਤਨੀਓ: ‘‘ਅਧੀਨ ਰਹੋ’’ (5:22-24)

**[22]ਹੇ ਪਤਨੀਓ, ਤੁਸੀਂ ਆਪਣਿਆਂ ਪਤੀਆਂ ਦੇ ਅਧੀਨ ਹੋਵੋ ਜਿਵੇਂ ਪ੍ਰਭੂ ਦੇ। [23]ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਣਾਉਣ ਵਾਲਾ ਹੈ। [24]ਪਰ ਤਾਂ ਵੀ ਜਿਸ ਪ੍ਰਕਾਰ ਕਲੀਸੀਆ ਮਸੀਹ ਦੇ ਅਧੀਨ ਹੈ ਇਸੇ ਪ੍ਰਕਾਰ ਪਤਨੀਆਂ ਭੀ ਹਰ ਗੱਲ ਵਿਚ ਆਪਣਿਆਂ ਪਤੀਆਂ ਦੇ ਅਧੀਨ ਹੋਣ।**

**ਆਇਤ 22.** ਪਤਨੀਆਂ ਨੂੰ **ਆਪਣਿਆਂ ਪਤੀਆਂ ਦੇ ਅਧੀਨ** ਰਹਿਣ ਲਈ ਕਿਹਾ ਗਿਆ ਹੈ। ਮਸੀਹੀ ਲੋਕਾਂ ਦੇ ਇਕ ਦੂਜੇ ਦੇ ਅਧੀਨ ਹੋਣ ਦੇ ਸੰਦਰਭ ਵਿਚ ਆਇਤ 21 ਦਾ ਇਕੱਲਾ ਕਿਰਿਆ ਸ਼ਬਦ (*hupotassō* ਤੋਂ) ਅਤੇ ਪਤਨੀਆਂ ਦੇ ਆਪਣੇ ਪਤੀਆਂ ਦੇ ਅਧੀਨ ਹੋਣ ਦੇ ਸੰਦਰਭ ਵਿਚ ਆਇਤ 22 ਨਾਲ ਮੇਲ ਖਾਂਦੀ ਹੈ। ਜਿਆਦਾਤਰ ਗੱਲਾਂ ਵਿਚ ਇਹ ਸੰਕੇਤ ਦੇਣ ਲਈ ਕਿ ਕਿਰਿਆ ਸ਼ਬਦ ਮੂਲ ਧਰਮ ਪੁਸਤਕ ਵਿਚ ਨਹੀਂ ਸੀ ਬਲਕਿ ਇਸ ਵਿਚਾਰ ਦਾ ਸੰਕੇਤ ਦੇਣ ਕਰਕੇ ਇਸ ਨੂੰ ਅਨੁਵਾਦਕਾਂ ਵੱਲੋਂ ਜੋੜਿਆ ਗਿਆ ਸੀ, ਆਇਤ 22 ਵਿਚ ‘‘ਅਧੀਨ ਰਹੋ’’ ਨੂੰ ਤਿਰਛਾ ਕੀਤਾ ਗਿਆ ਹੈ। ਮੂਲ ਵਿਚ ਪੌਲੁਸ ਨੇ ਕਿਹਾ, ‘‘ਇਕ ਦੂਜੇ ਦੇ ਅਧੀਨ ਹੋਵੋ, . . . ਪਤਨੀਆਂ ਆਪਣੇ ਆਪਣੇ ਪਤੀਆਂ ਦੇ।’’ ਬਾਅਦ ਵਿਚ ਆਇਤ 24 ਵਿਚ ਪੌਲੁਸ ਨੇ ਸਪਸ਼ੱਟ ਕਹਿ ਦਿੱਤਾ ਕਿ ਪਤਨੀਆਂ ਆਪੋ ਆਪਣੇ ਪਤੀਆਂ ਦੇ ਅਧੀਨ ਹੋਣ।

ਪਤਨੀਆਂ ਲਈ ਇਸ ਹੁਕਮ ਵਿਚ ਆਪਣੇ ਪਤੀਆਂ ਦੀ ਇੱਜ਼ਤ ਦੇ ਨਾਲ ਨਾਲ (ਅਫ਼ਸੀਆਂ 5:33) ਉਨ੍ਹਾਂ ਦੇ ਅਧੀਨ ਹੋਣਾ ਅਤੇ ਹੁਕਮ ਮੰਨਣਾ ਸ਼ਾਮਿਲ ਹੈ (ਵੇਖੋ 1 ਪਤਰਸ 3:1, 6)। ਪਤਨੀ ਦੇ ਆਪਣੇ ਪਤੀ ਦੇ ਅਧੀਨ ਹੋਣ ਦਾ ਮਾਡਲ ਕਲੀਸੀਆ ਦਾ ਮਸੀਹ ਦੇ ਅਧੀਨ ਹੋਣਾ ਹੈ (5:24)। ਪੌਲੁਸ ਦੇ ਨਿਚੋੜ ਨੂੰ ਪਹਿਲੀ ਸਦੀ ਦੇ ਅਫ਼ਸੁਸ ਦੇ ਸਭਿਆਚਾਰ ਵਿਚ ਉਸ ਦੀ ਸਿੱਖਿਆ ਨੂੰ ਸਮਝਣ ਦੇ ਢੰਗ ਨਾਲ ਮਜ਼ਬੂਤੀ ਮਿਲੀ ਹੋਵੇਗੀ। ਆਮ ਅਰਥ ਵਿਚ ਪਤੀ ਅਤੇ ਪਤਨੀਆਂ ਇਕ ਦੂਜੇ ਦੇ ਅਧੀਨ ਸਨ, ਪਰ ਖ਼ਾਸ ਅਰਥ ਵਿਚ ਪਤਨੀਆਂ ਨੂੰ ਆਪੋ ਆਪਣੇ ਪਤੀ ਦੇ ‘‘ਅਧੀਨ’’ ਹੋਣਾ ਸੀ।

**ਜਿਵੇਂ ਪ੍ਰਭੂ ਦੇ** ਤੋਂ ਸੁਝਾਅ ਮਿਲਦਾ ਹੈ ਕਿ ਪਤਨੀਆਂ ਆਪਣੇ ਪਤੀਆਂ ਦੇ ਅਧੀਨ ‘‘ਉਵੇਂ ਹੀ, ਉਸੇ ਤਰ੍ਹਾਂ’’[18] (*hōs*) ਹੋਣ ਜਿਵੇਂ ਉਹ ਯਿਸੂ ਦੇ ਅਧੀਨ ਹਨ। ਆਪਣੇ ਪਤੀਆਂ ਦਾ ਹੁਕਮ ਮੰਨ ਕੇ ਪਤਨੀਆਂ ਨੇ ਮਸੀਹ ਦਾ ਹੁਕਮ ਹੀ ਮੰਨ ਰਹੇ ਹੋਣਾ ਸੀ। ਇਹ ਵਿਚਾਰ ਕੁਲੁੱਸੀਆਂ 3:18 ਵਿਚ ਵਿਖਾਇਆ ਗਿਆ ਹੈ ਜਿੱਥੇ ਪੌਲੁਸ ਨੇ ਕਿਹਾ, ‘‘ਹੇ ਪਤਨੀਓ, ਤੁਸੀਂ ਆਪਣਿਆਂ ਪਤੀਆਂ ਦੇ ਅਧੀਨ

ਹੋਵੇ ਜਿਵੇਂ ਪ੍ਰਭੂ ਵਿਚ ਜੋਗ ਹੈ।''

ਪਤਨੀਆਂ ਦਾ ਪਤੀਆਂ ਦੇ ਅਧੀਨ ਹੋਣ ਦਾ ਯੋਗਤਾ (ਪਤੀ ਪਤਨੀਆਂ ਨਾਲੋਂ ਵੱਧ ਯੋਗ ਨਹੀਂ ਹਨ) ਨਾਲ ਜਾਂ ਖ਼ੁਦਾ ਦੀ ਨਜ਼ਰ ਵਿਚ ਖਲੋਣ (ਖ਼ੁਦਾ ਅੱਗੇ ਆਦਮੀਆਂ ਅਤੇ ਔਰਤਾਂ ਨੂੰ ਬਰਾਬਰ ਦਾ ਦਰਜ਼ਾ ਦਿੱਤਾ ਗਿਆ ਹੈ, ਗਲਾਤੀਆਂ 3:28) ਕੋਈ ਸਬੰਧ ਨਹੀਂ ਹੈ। ਇਸ ਦੇ ਉਲਟ ਅਧੀਨਤਾ ਦਾ ਸਬੰਧ ਪਤੀਆਂ ਅਤੇ ਪਤਨੀਆਂ ਨੂੰ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਵੱਖੋ ਵੱਖ ਭੂਮਿਕਾਵਾਂ ਨਾਲ ਹੈ। ਪਤਨੀਆਂ ਨੂੰ ਆਪਣੇ ਪਤੀਆਂ ਅਤੇ ਮਸੀਹ ਦੇ ਅਧੀਨ ਹੋਣਾ ਜ਼ਰੂਰੀ ਹੈ।

**ਆਇਤ 23.** ਪੌਲੁਸ ਨੇ ਪਤਨੀਆਂ ਲਈ ਆਪੋ ਆਪਣੇ ਪਤੀਆਂ ਦੇ ਅਧੀਨ ਹੋਣ ਦਾ ਕਾਰਣ ਸਮਝਾਇਆ। ''ਕਿਉਂ ਜੋ'' ਯੋਜਕ ਸ਼ਬਦ *hoti* ਦਾ ਅਨੁਵਾਦ ਹੈ ਅਤੇ ਕਾਰਣ ਲਈ ਅੰਗ੍ਰੇਜ਼ੀ ਸ਼ਬਦ ''*because*'' ਨਾਲ ਮੇਲ ਖਾਂਦਾ ਹੈ।[19] ਪੌਲੁਸ ਨੇ ਕਿਹਾ, **ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ।** ਉਹ ਪਤੀਆਂ ਅਤੇ ਪਤਨੀਆਂ ਵਿਚਕਾਰ ਅਤੇ ਮਸੀਹ ਅਤੇ ਕਲੀਸੀਆ ਵਿਚਕਾਰ ਇਕਰੂਪਤਾ ਬਣਾ ਰਿਹਾ ਸੀ। ਪਰਿਵਾਰ ਵਿਚ ਪਤੀ ਦੀ ਭੂਮਿਕਾ ਉਸੇ ਤਰ੍ਹਾਂ ਦੀ ਹੁੰਦੀ ਹੈ ਜਿਹੋ ਜਿਹੀ ਕਲੀਸੀਆ ਵਿਚ ਮਸੀਹ ਦੀ ਹੈ। ਇਸ ਭੂਮਿਕਾ ਨੂੰ ''ਸਿਰ'' ਦੇ ਰੂਪ ਵਿਚ ਦੱਸਿਆ ਗਿਆ ਹੈ। ਜੋ ''ਆਗੂ ਜਾਂ ਹਾਕਮ'' ਦੇ ਅਰਥ ਨਾਲ *kephalē* ਦਾ ਅਨੁਵਾਦ ਹੈ।[20] ਪਹਿਲਾਂ ਪੌਲੁਸ ਨੇ ਕਲੀਸੀਆ ਨੂੰ ''ਉਸ ਦੀ ਦੇਹ'' (1:23)। ਦੇ ਸਿਰ ਦੇ ਰੂਪ ਵਿਚ ਮਸੀਹ ਦਾ ਬਿਆਨ ਕਰਨ ਲਈ ਇਸੇ ਸ਼ਬਦ ਦੀ ਵਰਤੋਂ ਕੀਤੀ ਸੀ। ਬੇਸ਼ੱਕ ਉਹ ਦੇ ਮਨ ਵਿਚ ਆਗੂ ਅਤੇ ਹਾਕਮ ਦੇ ਰੂਪ ਵਿਚ ਮਸੀਹ ਦੇ ਇਖ਼ਤਿਆਰ ਦੀ ਗੱਲ ਸੀ (ਵੇਖੋ ਮੱਤੀ 28:18)। ਇਸੇ ਤਰ੍ਹਾਂ ਨਾਲ ਪਤੀਆਂ ਨੂੰ ਅਗਵਾਈ ਕਰਨ ਅਤੇ ਹਕੂਮਤ ਕਰਨ ਦਾ ਇਖ਼ਤਿਆਰ ਹੈ। ਪਰਿਵਾਰ ਵਿਚ ਖ਼ੁਦਾ ਦਾ ਨਮੂਨਾ ਕਲੀਸੀਆ ਵਿਚ ਉਸ ਦੇ ਨਮੂਨੇ ਦੇ ਮੁਤਾਬਿਕ ਹੈ। ਇਸ ਇਖ਼ਤਿਆਰ ਦੇ ਹੋਣ ਦੇ ਇਸ ਅਰਥ ਵਿਚ ਨਹੀਂ ਵੇਖਿਆ ਜਾਣਾ ਚਾਹੀਦਾ ਕਿ ਜਿਵੇਂ ਕੰਟਰੋਲ ਉਹ ਦੇ ਹੱਥ ਵਿਚ ਹੋਵੇ, ਬਲਕਿ ਇਕ ਆਗੂ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਇਸ ਤੱਥ ਨੂੰ ਅਗਲੀਆਂ ਆਇਤਾਂ ਵਿਚ ਪੌਲੁਸ ਵੱਲੋਂ ਪਤੀਆਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਵਿਚ ਵੇਖਿਆ ਜਾਂਦਾ ਹੈ।

**ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ,** ਬੇਸ਼ੱਕ ਮਸੀਹ ਲਈ ਹੀ ਕਿਹਾ ਗਿਆ ਹੈ। ਮਸੀਹ ਦੇ ਉਨ੍ਹਾਂ ਦੀ ਅਗਵਾਈ ਕਰਨ ਦੇ ਅਰਥ ਨੂੰ ਛੱਡ ਪੌਲੁਸ ਇਹ ਨਹੀਂ ਕਹਿ ਰਿਹਾ ਸੀ ਕਿ ਪਤੀ ਆਪਣੀ ਪਤਨੀ ਦਾ ਮੁਕਤੀਦਾਤਾ ਹੈ। ਕਲੀਸੀਆ ਦੇ ਸਿਰ ਮਸੀਹ ਦੇ ਹੋਰ ਵੇਰਵੇ ਦੇ ਰੂਪ ਵਿਚ ਉਸ ਨੇ ਇਹ ਸ਼ਬਦ ਜੋੜ ਦਿੱਤਾ।

ਅਫ਼ਸੁਸ ਦੇ ਲੋਕ ਕਿਸੇ ਵਕਤ ਅਣਬਚਾਏ ਹੋਏ ਸਨ (2:1–3)। ਆਪਣੇ ਪਾਪ ਵਿਚ ਉਹ ਖ਼ੁਦਾ ਤੋਂ ਅੱਡ ਕੀਤੇ ਹੋਏ ਸਨ। ਖ਼ੁਦਾ ਨੇ ਮਸੀਹ ਦੇ ਕੰਮ ਮਿਲਾਪ ਦੇ ਕੰਮ ਦੇ ਰਾਹੀਂ ਉਨ੍ਹਾਂ ਨੂੰ ਬਚਾਉਣ ਲਈ ਫ਼ਜ਼ਲ ਭਰਿਆ ਕੰਮ ਕੀਤਾ ਸੀ (2:4–22)। ਮਸੀਹ ਵਿਚ ਉਨ੍ਹਾਂ ਨੂੰ ਖ਼ੁਦਾ ਨਾਲ ''ਇਕ ਸਰੀਰ'' (2:16), ਭਾਵ ''ਕਲੀਸੀਆ'' ਨਾਲ ਮਿਲਾ ਦਿੱਤਾ (1:22, 23)। ਇਸ ਕਰਕੇ ਉਹ ਮਸੀਹ ਦੀ ਮਿਲਾਈ ਹੋਈ ਅਤੇ ਬਚਾਈ ਹੋਈ ਦੇਹ ਬਣ ਗਏ ਸਨ। ''ਦੇਹੀ ਦਾ ਬਚਾਉਣ ਵਾਲਾ'' ਦੇ ਰੂਪ ਵਿਚ ਮਸੀਹ ਦੀ ਗੱਲ ਕਰਦਿਆਂ ਪੌਲੁਸ ਦੇ ਕਹਿਣ ਦਾ ਇਹੀ ਮਤਲਬ ਸੀ। ਕਿਰਿਆ ਸ਼ਬਦ *estin* ਜਿਸ ਦਾ ਅਨੁਵਾਦ ''ਹੈ'' ਕਿਸੇ ਅਜਿਹੀ ਗੱਲ ਦਾ ਸੰਕੇਤ ਦਿੰਦਾ ਹੈ ਜਿਹੜੀ ਵਰਤਮਾਨ ਵਿਚ ਹੋ ਰਹੀ ਹੋਵੇ। ਇਹ ਇਸ ਤੱਥ ਦੀ ਤਸਦੀਕ ਕਰਦਾ ਹੈ ਕਿ ਮਸੀਹ ਕਲੀਸੀਆ ਨੂੰ ਸਿਰਫ਼ ਅਨਾਦੀਕਾਲ ਵਿਚ ਹੀ ਨਹੀਂ ਬਚਾਵੇਗਾ ਬਲਕਿ ਇਹ ਉਨ੍ਹਾਂ ਲੋਕਾਂ ਨਾਲ ਬਣੀ ਹੈ ਜਿਹੜੇ ਇਸ ਸਮੇਂ ਬਚਾਏ ਗਏ ਹਨ।

**ਆਇਤ 24.** ਪੌਲੁਸ ਆਪਣੇ ਰੂਪਕ ਵੱਲ ਵਾਪਸ ਆ ਗਿਆ। ਇਕ ਟੀਕਾਕਾਰ ਨੇ ਲਿਖਿਆ ਹੈ:

> ਜੇ ਕੋਈ ਪੁੱਛੇ ਕਿ ਲੇਖਕ ਦੀ ਸੋਚ ਕਲੀਸੀਆ ਦੇ ਮਸੀਹ ਦੇ ਅਧੀਨ ਹੋਣ ਵਿਚ ਸ਼ਾਮਿਲ ਹੈ

ਤਾਂ ਇਸ ਗੱਲ ਦੇ ਜਵਾਬ ਲਈ ਕਿ ਖ਼ਤ ਦੇ ਬਾਕੀ ਹਿੱਸੇ ਵਿਚ ਮਸੀਹ ਨਾਲ ਕਲੀਸੀਆ ਦੇ ਸਬੰਧ ਨੂੰ ਵਿਖਾਉਣ ਦੇ ਉਸ ਦੇ ਢੰਗ ਨੂੰ ਵੇਖ ਸਕਦਾ ਹੈ। ਕਲੀਸੀਆ ਨੂੰ ਮਸੀਹ ਦੇ ਇਸ ਦੀ ਹਰ ਗੱਲ ਤੇ ਸਿਰ ਹੋਣ ਦਾ ਖ਼ੁਦਾ ਦਾ ਦਾਨ ਮਿਲਦਾ ਹੈ (1:22)। 2:20, 21 ਦੇ ਇਮਾਰਤ ਦੇ ਰੂਪਕ ਵਿਚ ਮਸੀਹ ਲਈ ਕਲੀਸੀਆ ਦੇ ਇਸ ਭਵਨ [ਕੋਨੇ ਦੇ ਸਿਰੇ ਦੇ] ਪੱਥਰ ਵਾਂਗ ਲਗਦੀ ਹੈ ਜਿਹੜਾ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਰਹਿੰਦਾ ਹੈ। ਇਸ ਦੀ ਸ਼ੁਰੂਆਤ ਉਸ ਦੀ ਲਗਾਤਾਰ ਮੌਜੂਦਗੀ ਨਾਲ ਹੁੰਦੀ ਹੈ (3:17) ਅਤੇ ਉਸ ਦੇ ਹਰ ਪਾਸੇ ਪਾਏ ਜਾਣ ਵਾਲੇ ਪ੍ਰੇਮ ਦਾ ਪਤਾ ਲਗਦਾ ਹੈ (3:19)। ਕਲੀਸੀਆ ਨੂੰ ਕਿਰਪਾ ਦਾ ਉਸ ਦਾ ਦਾਨ ਮਿਲਦਾ ਹੈ (4:7) ਅਤੇ ਆਪਣੇ ਆਪ ਨੂੰ ਬਣਾਉਣ ਲਈ ਸੇਵਕਾਂ ਦੇ ਉਸ ਦੇ ਦਾਨ ਮਿਲਦੇ ਹਨ (4:11, 12)। ਇਹ ਆਪਣੇ ਸਿਰ ਵੱਲ ਨੂੰ ਵੱਧਦੀ ਹੈ ਅਤੇ ਉਹ ਸਭ ਕੁਝ ਹਾਸਲ ਕਰਦੀ ਹੈ ਜੋ ਇਸ ਦੇ ਵਾਧੇ ਲਈ ਜ਼ਰੂਰੀ ਹੈ (4:15, 16), ਜਿਸ ਵਿਚ ਉਸ ਤੋਂ ਸਿੱਖਿਆ ਹੋਣਾ ਵੀ ਸ਼ਾਮਿਲ ਹੈ (4:20, 21)। ਕਲੀਸੀਆ ਮਸੀਹ ਦੇ ਪ੍ਰੇਮ ਦੀ ਨਕਲ ਕਰਦੀ ਹੈ (5:2) ਅਤੇ ਜੋ ਕੁਝ ਉਹ ਨੂੰ ਭਾਉਂਦਾ ਹੈ ਉਸ ਨੂੰ ਜਾਣਨ (5:10) ਅਤੇ ਉਸ ਦੀ ਇੱਛਿਆ ਨੂੰ ਸਮਝਣ (5:17) ਦੀ ਕੋਸ਼ਿਸ਼ ਕਰਦੀ ਹੈ। ਇਹ ਉਸ ਦੀ ਵਡਿਆਈ ਕਰਦੀ ਹੈ (5:19) ਅਤੇ ਉਸ ਦੇ ਦਰ ਵਿਚ ਰਹਿੰਦੀ ਹੈ (5:21)। ਇਸ ਦਾ ਮਤਲਬ ਇਹ ਹੈ ਕਿ ਕਲੀਸੀਆ ਦੇ ਅਧੀਨ ਹੋਣ ਦਾ ਅਰਥ ਉਸਦੀ ਲਾਹੇਵੰਦ ਹਕੂਮਤ ਲਈ ਆਪਣੇ ਸਿਰ ਵੱਲ ਵੇਖਣਾ, ਉਸ ਦੇ ਨਿਯਮਾਂ ਤੇ ਚੱਲਣਾ, ਉਸ ਦੀ ਮੌਜੂਦਗੀ ਅਤੇ ਪ੍ਰੇਮ ਨੂੰ ਅਨੁਭਵ ਕਰਨਾ, ਉਸ ਦੇ ਦਾਨਾਂ ਨੂੰ ਕਬੂਲ ਕਰਨਾ ਅਤੇ ਪਰਿਪੱਕ ਹੋਣ ਲਈ ਵੱਧਣ ਵਾਸਤੇ ਦਾਨ ਲਾਉਣਾ ਅਤੇ ਸ਼ੁਕਰਗੁਜ਼ਾਰੀ ਅਤੇ ਭੈਅ ਵਿਚ ਉਸ ਦੀ ਗੱਲ ਮੰਨਣਾ ਹੈ, ਇਹੀ ਵਿਹਾਰ ਆਪਣੇ ਪਤੀ ਦੇ ਸਬੰਧ ਵਿਚ ਪਤਨੀ ਨੂੰ ਵਧਾਉਣ ਲਈ ਹੱਲਾਸ਼ੇਰੀ ਦਿੱਤੀ ਗਈ ਹੈ।[21]

ਪੌਲੁਸ ਨੇ ਐਲਾਨ ਕੀਤਾ ਕਿ **ਜਿਸ ਪ੍ਰਕਾਰ ਕਲੀਸੀਆ ਮਸੀਹ ਦੇ ਅਧੀਨ ਹੈ ਇਸੇ ਪ੍ਰਕਾਰ ਪਤਨੀਆਂ ਭੀ ਹਰ ਗੱਲ ਵਿਚ ਆਪਣਿਆਂ ਪਤੀਆਂ ਦੇ ਅਧੀਨ ਹੋਣ।** ਪਤਨੀਆਂ ਦੀ ਅਧੀਨਤਾ ਤੇ ਉਸ ਨੇ ਕੋਈ ਛੋਟ ਜਾਂ ਹੱਦ ਨਹੀਂ ਲਾਈ, ਜੋ ਇਸ ਗੱਲ ਦਾ ਸੰਕੇਤ ਹੈ ਕਿ ਪਤੀਆਂ ਨੂੰ ਆਪਣੀਆਂ ਪਤਨੀਆਂ ਤੋਂ ਕਿਸੇ ਚੀਜ਼ ਦੀ ਲੋੜ ਹੋ ਸਕਦੀ ਹੈ। ਜਿਸ ਨਾਲ ਮਸੀਹ ਦੇ ਹੁਕਮ ਮੰਨਣ ਵਿਚ ਰੁਕਾਵਟ ਹੋਵੇ। ਇਸ ਦੇ ਉਲਟ ਉਸ ਨੇ ਮੰਨ ਲਿਆ ਕਿ ਪਤੀ ਆਪਣੇ ਵਿਹਾਰ ਨੂੰ ਮਸੀਹ ਦੇ ਵਿਹਾਰ ਨਾਲ ਮਿਲਾਉਂਦੇ ਹੋਏ ਪਤਨੀਆਂ ਨੂੰ ਸਿਰਫ਼ ਉਹੀ ਕਰਨ ਲਈ ਕਹਿਣ ਜੋ ਮਸੀਹ ਨੂੰ ਭਾਉਂਦਾ ਹੈ ਅਤੇ ਉਨ੍ਹਾਂ ਦੇ ਫ਼ਾਇਦੇ ਲਈ ਹੈ। ਮਨੁੱਖੀ ਕਮੀਆਂ ਦੇ ਕਾਰਣ ਸਬੰਧਾਂ ਵਿਚ ਦਰਾਰਾਂ ਦੇ ਕਾਰਣ ਇਸ ਆਦਰਸ਼ ਸਥਿਤੀ ਨੂੰ ਕਦੇ ਹਾਸਲ ਨਹੀਂ ਕੀਤਾ ਜਾ ਸਕਦਾ। ਪਰ ਮਕਸਦ ਪਤਨੀਆਂ ਅਤੇ ਪਤੀਆਂ ਲਈ ਪ੍ਰੇਮ ਅਤੇ ਨਿਸੁਆਰਥਪੁਣੇ ਵਿਚ ਇਕ ਦੂਜੇ ਦੀ ਗੱਲ ਮੰਨਣਾ ਸੀ। ਅਗਲੀਆਂ ਆਇਤਾਂ ਇਸ ਟੀਚੇ ਦੀ ਹਮਾਇਤ ਕਰਦੀਆਂ ਹਨ।

### ਹੇ ਪਤੀਓ: ‘‘ਪ੍ਰੇਮ ਰੱਖੋ’’ (5:25-33)

**25ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ। 26ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ। 27ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸੀਆ ਤਿਆਰ ਕਰੇ ਜਿਹ ਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ। 28ਇਸੇ ਤਰ੍ਹਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ। 29ਕਿਉਂ ਜੋ ਕਿਸੇ ਨੇ ਆਪਣੇ ਸਰੀਰ ਨਾਲ**

**ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ ਪਾਲਦਾ ਪਲੋਸਦਾ ਹੈ ਜਿਵੇਂ ਮਸੀਹ ਵੀ ਕਲੀਸੀਆ ਨੂੰ। [30]ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ। [31]ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇਕ ਸਰੀਰ ਹੋਣਗੇ। [32]ਇਹ ਭੇਤ ਤਾਂ ਵੱਡਾ ਹੈ ਪਰ ਮੈਂ ਮਸੀਹ ਅਤੇ ਕਲੀਸੀਆ ਦੇ ਵਿਖੇ ਬੋਲਦਾ ਹਾਂ। [33]ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਹੀ ਜਿਹਾ ਪ੍ਰੇਮ ਕਰੇ ਅਰ ਪਤਨੀ ਆਪਣੇ ਪਤੀ ਦਾ ਮਾਨ ਕਰੇ।**

**ਆਇਤ 25.** ਆਪਣਾ ਫੋਕਸ ਪਤਨੀਆਂ ਤੋਂ ਹਟਾ ਕੇ ਪਤੀਆਂ ਵੱਲ ਕਰਦਿਆਂ ਪੌਲੁਸ ਨੇ ਲਿਖਿਆ, **ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ।** ਪਤੀਆਂ ਲਈ ਆਪੋ ਆਪਣੀਆਂ ਪਤਨੀਆਂ ਦੇ ਅਧੀਨ ਹੋਣ ਦਾ ਹੁਕਮ ਨੂੰ 25 ਤੋਂ 32 ਆਇਤਾਂ ਲਈ ਆਪਣੀਆਂ ਪਤਨੀਆਂ ਵਾਸਤੇ ਪਤੀਆਂ ਦੀਆਂ ਜ਼ਿੰਮੇਵਾਰੀਆਂ ਨਾਲ ਸੰਤੁਲਿਤ ਕਰ ਦਿੱਤਾ ਜਾਂਦਾ ਹੈ। ਇਹ ਭਾਗ ਆਪਣੇ ਆਪ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਪਹਿਲਾ ਭਾਗ ਪਤੀਆਂ ਨੂੰ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖਣ ਲਈ ਸਮਝਾਉਂਦਾ ਹੈ। ਪੌਲੁਸ ਨੇ ਵਿਖਾਇਆ ਕਿ ਕਲੀਸੀਆ ਲਈ ਮਸੀਹ ਦੇ ਪ੍ਰੇਮ ਦੀ ਤਸਵੀਰ ਨੂੰ ਵਿਖਾਉਂਦੇ ਹੋਏ ਅਜਿਹਾ ਕਿਵੇਂ ਕੀਤਾ ਜਾ ਸਕਦਾ ਹੈ (5:25–27)। ਦੂਜਾ ਭਾਗ ਆਪਣੀਆਂ ਪਤਨੀਆਂ ਲਈ ਪਤੀਆਂ ਦੇ ਪ੍ਰੇਮ ਨੂੰ ਵਿਸਤਾਰ ਦਿੰਦਾ ਹੈ। ਇੱਥੇ ਪੌਲੁਸ ਨੇ ਧਿਆਨ ਦੁਆਇਆ ਕਿ ਪਤੀ ਆਪਣੀਆਂ ਪਤਨੀਆਂ ਨਾਲ ਉਵੇਂ ਹੀ ਵਿਹਾਰ ਕਰਨ ਜਿਵੇਂ ਉਹ ਆਪਣੇ ਆਪ ਨਾਲ ਕਰਦੇ ਹਨ, ਬਿਲਕੁਲ ਉਵੇਂ ਜਿਵੇਂ ਮਸੀਹ ਆਪਣੀ ਕਲੀਸੀਆ ਦੀ ਦੇਖਭਾਲ ਕਰਦਾ ਹੈ (5:28–32)।

ਇਸ ਖ਼ਤ ਵਿਚ ਪ੍ਰੇਮ ਲਈ ਕੋਈ ਨਵੀਂ ਧਾਰਣਾ ਨਹੀਂ ਹੈ। ਪੌਲੁਸ ਨੇ ਪਹਿਲਾਂ ਪਰਮੇਸ਼ੁਰ ਦੇ ਪ੍ਰੇਮ (2:4) ਅਤੇ ਮਸੀਹ ਦੇ ਪ੍ਰੇਮ (3:19; 5:22) ਦੀ ਗੱਲ ਕੀਤੀ ਸੀ। ਬਾਅਦ ਵਿਚ ਉਸ ਨੇ ਖ਼ੁਦਾ ਅਤੇ ਮਸੀਹ ਦੇ ਪ੍ਰੇਮ ਦੇ ਨਾਲ ਨਾਲ (6:23, 24)। ਫੇਰ ਅਫ਼ਸੀਆਂ ਦੇ ਪ੍ਰੇਮ ਦੀ ਗੱਲ ਕੀਤੀ। ਇਨ੍ਹਾਂ ਆਇਤਾਂ ਵਿਚ ਪੌਲੁਸ ਕਲੀਸੀਆ ਲਈ ਮਸੀਹ ਦੇ ਪ੍ਰੇਮ ਨੂੰ ਧਿਆਨ ਵਿਚ ਰੱਖਦਿਆਂ ਪਤਨੀਆਂ ਲਈ ਪਤੀਆਂ ਦੇ ਪ੍ਰੇਮ ਦੀ ਗੱਲ ਕਰ ਰਿਹਾ ਸੀ।

‘‘ਹੇ ਪਤੀਓ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ’’ ਦੀ ਜ਼ਰੂਰੀ ਮੰਨਣ ਵਾਲੀ ਗੱਲ ਰੋਮਾਂਸ ਦੇ ਪ੍ਰੇਮ ਜਾਂ ਜਜ਼ਬਾਤੀ ਪ੍ਰੇਮ ਦੇ ਰੂਪ ਵਿਚ ਗਲਤ ਸਮਝੀ ਜਾ ਸਕਦੀ ਹੈ। ਪਰ ਪੌਲੁਸ ਇਸ ਪੂਰੇ ਭਾਗ ਵਿਚ (*agapaō*, ‘‘ਪ੍ਰੇਮ, ਸ਼ੁੱਭ ਇੱਛਾ’’) ਦੇ ਰੂਪ ਦੀ ਵਰਤੋਂ ਕਰਕੇ ਪ੍ਰੇਮ ਦੇ ਭਾਵ ਵਿਚ ਇਸਤੇਮਾਲ ਕਰਕੇ ਸਪਸ਼ੱਟ ਕਰ ਰਿਹਾ ਸੀ ਕਿ ਉਹ ਦੇ ਦਿਲ ਵਿਚ ਜਿਹੜਾ ਪ੍ਰੇਮ ਪਤੀਆਂ ਲਈ ਆਪਣੀਆਂ ਪਤਨੀਆਂ ਵਾਸ ਤੇ ਹੁੰਦਾ ਹੈ ਉਹ ਦੀ ਭਲਿਆਈ ਦੀ ਇੱਛਾ ਦਾ ਫੈਸਲਾ ਲੈਣ ਕਰਕੇ ਹੈ। ਇਹ ਮਦਦ ਕਰਨ ਦਾ ਨਾ ਕਿ ਨੁਕਸਾਨ ਪਹੁੰਚਾਉਣਾ, ਬਣਾਉਣ ਦਾ ਨਾ ਕਿ ਤੋੜਨ ਦਾ, ਦਲੇਰ ਕਰਨ ਦਾ ਨਾ ਨਿਰਾਸ਼ ਕਰਨ ਦਾ ਫੈਸਲਾ ਹੈ (ਵੇਖੋ 5:1, 2)।

**ਆਇਤ 25.** ਪਤਨੀਆਂ ਲਈ ਪਤੀਆਂ ਦਾ ਪ੍ਰੇਮ ਕਲੀਸੀਆ ਲਈ ਮਸੀਹ ਦੇ ਪ੍ਰੇਮ ਦੇ ਨਮੂਨੇ ਅਨੁਸਾਰ ਹੋਣਾ ਚਾਹੀਦਾ ਹੈ: **ਜਿਵੇਂ ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।** ਪਤੀ ਦਾ ਪ੍ਰੇਮ ਸਿਰਫ਼ ਫੈਸਲਾ ਹੀ ਨਹੀਂ ਬਲਕਿ ਆਪਣੀ ਕੁਰਬਾਨੀ ਦੇਣ ਵਾਲਾ ਹੋਣਾ ਜ਼ਰੂਰੀ ਹੈ। ਮਸੀਹ ਨੇ ਸੰਸਾਰ ਦੇ ਪਾਪ ਲਈ ਆਪਣੇ ਆਪ ਨੂੰ ਜਦ ਸਲੀਬ ਉੱਤੇ ਦੇ ਦਿੱਤਾ ਤਾਂ ਉਸ ਨੇ ਆਪਣੇ ਲਹੂ ਨਾਲ ਕਲੀਸੀਆ ਨੂੰ ਖ਼ਰੀਦ ਲਿਆ (ਵੇਖੋ ਰਸੂਲਾਂ ਦੇ ਕੰਮ 20:28)। ਕੁਰਬਾਨੀ ਭਰੀ ਉਸ ਦੀ ਮੌਤ ਦੇ ਅਧੀਨ ਹੋਣ ਦਾ ਐਨਾਂ ਵੱਡਾ ਕੰਮ ਸੀ ਜਿਹੜਾ ਸੰਸਾਰ ਵਿਚ ਕਦੇ ਨਹੀਂ ਹੋਇਆ। ਕਲੀਸੀਆ ਨੂੰ ਵਜੂਦ ਵਿਚ ਲਿਆਉਣ, ਵਧਣ ਲਈ ਇਸ ਦਾ ਪਾਲਣ ਪੋਸ਼ਣ ਕਰਨਾ ਅਤੇ ਅਖ਼ੀਰ ਵਿਚ ਇਸ ਨੂੰ ਸੁਰਗ ਵਿਚ ਲਿਜਾਣ ਲਈ ਯਿਸੂ ਨੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ। ਇਹ ਇਕ ਰੂਪਤਾ ਕਲੀਸੀਆ ਨੂੰ ਮਸੀਹ ਦੀ ਲਾੜੀ ਦੇ ਰੂਪ ਵਿਚ ਵਿਖਾਉਂਦੀ ਹੈ, ਅਤੇ

ਅਜਿਹਾ ਕੁਝ ਨਹੀਂ ਹੈ ਜੋ ਮਸੀਹ ਆਪਣੀ ਲਾੜੀ ਦੀ ਬੇਹਤਰੀ ਲਈ ਕੁਰਬਾਨ ਨਾ ਕਰੇ। ਇਸੇ ਤਰ੍ਹਾਂ ਪਤੀਆਂ ਲਈ ਆਪੋ ਆਪਣੀਆਂ ਪਤਨੀਆਂ ਲਈ ਆਪਣੇ ਆਪ ਨੂੰ ਦੇ ਦੇਣਾ ਜ਼ਰੂਰੀ ਹੈ। ਪਤਨੀਆਂ ਅਤੇ ਪਤੀਆਂ ਵਿਚਕਾਰ ਇਕ ਦੂਜੇ ਲਈ ਆਦਰ ਨਾਲ ਪਰਿਵਾਰ ਲਈ ਖ਼ੁਦਾ ਦੀ ਯੋਜਨਾ ਨਾਲ ਮੇਖ ਖਾਂਦਾ ਉਨ੍ਹਾਂ ਦਾ ਸਬੰਧ ਬਣਦਾ ਹੈ। ਵਿਆਹ ਦੇ ਪੌਲੁਸ ਦੇ ਦਰਸ਼ਣ ਵਿਚ ਪਤਨੀਆਂ ਆਪਣੇ ਪਤੀਆਂ ਤੋਂ ਮਿਲੇ ''ਪੂਰੇ ਪ੍ਰੇਮ ਲਈ ਪੂਰੀਆਂ ਅਧੀਨ''[22] ਹੁੰਦੀਆਂ ਹਨ। ਕੈਨਥ ਐਸ. ਵੁਏਸਟ ਨੇ ਆਇਤ 25 ਵਿਚ ਇਕ ਮਹੱਤਵਪੂਰਣ ਟਿੱਪਣੀ ਜੋੜੀ ਹੈ:

> ਆਪਣੀ ਪਤਨੀ ਲਈ ਤਿੰਨ ਹੋਰ ਤਰ੍ਹਾਂ ਦਾ ਪ੍ਰੇਮ, ਵਾਸਨਾ ਦਾ ਪ੍ਰੇਮ (*eros*) ਸੰਤੋਖ ਅਤੇ ਸੰਤੁਸ਼ਟੀ ਦਾ ਪ੍ਰੇਮ (*stergo*) ਅਤੇ ਲਾਡ ਜਾਂ ਪਿਆਰ (*phileo*) ਇਹ ਸਾਰੇ ਆਤਮਾ ਨਾਲ ਭਰਪੂਰ, ਸੁਭਾਅ ਵਿਚ ਪਵਿੱਤਰ ਅਤੇ ਸੁਰਗੀ ਬਣੇ ਪਤੀ ਦੇ (*agapao*) ਪ੍ਰੇਮ ਨਾਲ ਤਰ–ਬਤਰ ਹਨ।[23]

**ਆਇਤ 26.** ਆਇਤਾਂ 26 ਅਤੇ 27 ਵਿਚ ਪੌਲੁਸ ਨੇ ਅੱਗੇ ਉਹ ਤਿੰਨ ਕਾਰਣ ਸਮਝਾਏ ਕਿ ਮਸੀਹ ਨੇ ਕਲੀਸੀਆ ਲਈ ਕੁਰਬਾਨੀ ਭਰੇ ਪ੍ਰੇਮ ਵਿਚ ਆਪਣੇ ਆਪ ਨੂੰ ਦੇ ਦਿੱਤਾ। ਦਿੱਤੇ ਗਏ ਕਾਰਣਾ ਦਾ ਆਰੰਭ *hina* ਨਾਲ ਹੁੰਦਾ ਹੈ ਜਿਸ ਤੋਂ ਭਾਵ ਹੈ ''ਇਸ ਲਈ ਕਿ।''

ਪਹਿਲਾਂ ਮਸੀਹ ਨੇ ਆਪਣੇ ਆਪ ਨੂੰ ਕਲੀਸੀਆ ਲਈ ਦੇ ਦਿੱਤਾ **ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ।** ''ਪਵਿੱਤਰ ਕਰੇ'' ([*hagios*] ਦਾ ਇਕ ਕਿਰਿਆ ਰੂਪ) ਦਾ ਅਰਥ ''ਪਵਿੱਤਰ ਵਰਤੋਂ ਲਈ ਵੱਖ ਕਰਨਾ'' ਹੈ।[24] ਇਸ ਸ਼ਬਦ ਦੀ ਵਰਤੋਂ ਇਕ ਹੋਰ ਯੂਨਾਨੀ ਸ਼ਬਦ *koinos* ਦੇ ਉਲਟ ਕੀਤੀ ਜਾਂਦੀ ਹੈ ਜਿਸ ਨੂੰ ਇਸ ਸੰਰਭ ਵਿਚ ਨਹੀਂ ਵਰਤਿਆ ਗਿਆ ਪਰ ਇਸ ਦਾ ਅਰਥ ''ਅਸ਼ੁੱਧ'' ਜਾਂ ''ਗੰਦਾ'' ਹੈ।[25] ਪਵਿੱਤਰ ਹੋਣ ਲਈ ਉਸ ਤੋਂ ਜਿਹੜਾ ਪਵਿੱਤਰ ਅਰ ਸ਼ੁੱਧ ਹੈ ਨਿੱਕਲਣਾ ਭਾਵ ਸੰਸਾਰ, ਖ਼ੁਦਾ ਦੇ ਪਵਿੱਤਰ ਮਕਸਦ ਲਈ ਅੱਡ ਹੋਣਾ ਹੈ। ਕਲੀਸੀਆ ਲੋਕਾਂ ਨਾਲ ਬਣਦੀ ਹੈ ਜਿਨ੍ਹਾਂ ਦੀਆਂ ਰੂਹਾਂ ਨੂੰ ਮਸੀਹ ਦੇ ਲਹੂ ਰਾਹੀਂ ਪਵਿੱਤਰ ਕੀਤਾ ਜਾਂਦਾ ਹੈ (1 ਪਤਰਸ 1:22) ਅਤੇ ਜੋ ''ਪਰਮੇਸ਼ੁਰ ਦੀ ਖ਼ਾਸ ਪਰਜਾ (ਹਨ) ... ਜਿਸ ਨੇ (ਉਨ੍ਹਾਂ ਨੂੰ) ਹਨੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ'' ਹੈ (1 ਪਤਰਸ 2:9)। ਕਲੀਸੀਆ ਨੂੰ ਸੰਸਾਰ ਵਿੱਚੋਂ ਸੱਦਿਆ ਗਿਆ ਅਤੇ ਖ਼ੁਦਾ ਦੇ ਪਵਿੱਤਰ ਮਕਸਦ ਲਈ ਅੱਡ ਕੀਤਾ ਗਿਆ ਸੀ। ਇਸ ਦੇ ਤੱਥ ਵਿਚ ਖ਼ੁਦਾ ਦੇ ਲੋਕਾਂ ਦੀ ਪਵਿੱਰਤਾਈ ਉੱਤੇ ਆਮ ਤੌਰ ਤੇ ਜ਼ੋਰ ਦਿੱਤਾ ਗਿਆ ਹੈ। ਪੌਲੁਸ ਨੇ ਮਸੀਹੀ ਲੋਕਾਂ ਨੂੰ ''ਸੰਤ'', ''ਪਵਿੱਤਰ ਲੋਕ'' ਆਖਿਆ ਹੈ (ਵੇਖੋ 1:1, 4, 15, 18; 2:19; 3:18; 4:12; 5:3)। ''ਸੰਤ'' ਯੂਨਾਨੀ ਸ਼ਬਦ *hagios* ਦਾ ਅਨੁਵਾਦ ਹੈ। (ਇਸ ਕਿਤਾਬ ਵਿਚ ਅੱਗੇ ''ਹੋਰ ਅਧਿਐਨ ਲਈ: ਕਲੀਸੀਆ ਦੀ ਪਵਿੱਤਰਤਾਈ [5:26]'' ਵੇਖੋ।)

''ਬਾਣੀ ਨਾਲ'' *en rhēmati* ਦਾ ਅਨੁਵਾਦ ਹੈ ਜੋ ਮੂਲ ਵਿਚ ''ਵਚਨ ਵਿਚ'' ਹੈ। (ਅੰਗ੍ਰੇਜ਼ੀ ਵਿਚ "The" ਸ਼ਬਦ ਅਨੁਵਾਦਕਾਂ ਵੱਲੋਂ ਜੋੜਿਆ ਗਿਆ ਹੈ।) ਕਲੀਸੀਆ ਦਾ ਸ਼ੁੱਧ ਕੀਤਾ ਜਾਣਾ ''ਵਚਨ ਨਾਲ'' ਬਪਤਿਸਮੇ ਦੇ ਪਾਣੀ ਨਾਲ ਅਸਰਦਾਇਕ ਹੋਇਆ ਸੀ। ''ਬਾਣੀ'' ਇੱਥੇ ਇੰਜੀਲ ਦੇ ਵਚਨ ਨੂੰ ਕਿਹਾ ਹੋ ਸਕਦਾ ਹੈ ਜਿਸ ਦਾ ਪ੍ਰਚਾਰ ਕੀਤਾ ਗਿਆ ਸੀ ਅਤੇ ਜਿਸ ਨੇ ਲੋਕਾਂ ਨੂੰ ਸ਼ੁੱਧ ਕੀਤੇ ਜਾਣ ਦੀ ਬਪਤਿਸਮੇ ਦੀ ਲੋੜ ਦੁਹਰਾਈ ਸੀ। ਉਦਾਹਰਣ ਲਈ ਇਸ ਨਾਲ ਬਪਤਿਸਮੇ ਵੇਲੇ ਕਹੇ ਜਾਣ ਵਾਲੇ ਵਚਨ ਧਿਆਨ ਵਿਚ ਆਉਂਦੇ ਹਨ, ''ਮਸੀਹ ਦੇ ਇਖ਼ਤਿਆਰ ਨਾਲ ਮੈਂ ਤੈਨੂੰ ਪਾਪਾਂ ਦੀ ਮਾਫ਼ੀ ਲਈ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿੰਦਾ ਹਾਂ ਤਾਂ ਜੋ ਤੈਨੂੰ ਪਵਿੱਤਰ ਆਤਮਾ ਦਾ ਦਾਨ ਮਿਲ ਸਕੇ'' (ਵੇਖੋ ਮੱਤੀ 28:18, 19; ਰਸੂਲਾਂ ਦੇ ਕੰਮ 2:38)। ਸ਼ਾਇਦ ਇਸ ਵਿਚ ਬਪਤਿਸਮੇ ਨਾਲ ਜੁੜਿਆ ਮੁਕਤੀ ਦਾ ਵਾਅਦਾ ਵੀ ਹੈ (ਮਰਕੁਸ 16:16)।

6:17 ਵਿਚ ''ਬਾਣੀ'' ''ਪਰਮੇਸ਼ੁਰ ਦਾ ਵਚਨ'' ਅਤੇ ''ਆਤਮਾ ਦੀ ਤਲਵਾਰ'' ਹੈ ਜਿਸ ਦਾ ਪ੍ਰਚਾਰ ਕੀਤਾ ਜਾਣਾ (ਵੇਖੋ ਰੋਮੀਆਂ 10:8, 17; ਇਬਰਾਨੀਆਂ 6:5; 1 ਪਤਰਸ 1:25)। ਉਸ ਦੇ ਵਚਨ ਵਿਚ ਸ਼ੁੱਧ ਕਰਨ ਅਤੇ ਪਵਿੱਤਰ ਕਰਨ ਦੀ ਸ਼ਕਤੀ ਹੈ (ਵੇਖੋ ਯੂਹੰਨਾ 15:3; 17:17), ਇਸ ਕਰਕੇ ਕਲੀਸੀਆ ਦਾ ਪਵਿੱਤਰ ਕੀਤਾ ਜਾਣਾ ਉਦੋਂ ਹੀ ਹੋਇਆ ਹੋਵੇਗਾ ਜਦੋਂ ਮਸੀਹ ਨੇ ਵਚਨ ਨਾਲ ਬਪਤਿਸਮੇ ਦੇ ਰਾਹੀਂ ਇਸ ਨੂੰ ਸ਼ੁੱਧ ਕੀਤਾ। ਜਲ ਅਤੇ ਵਚਨ ਦੋਹਾਂ ਦਾ ਆਪੋ ਆਪਣਾ ਯੋਗਦਾਨ ਸੀ।

**ਆਇਤ 27.** *hina* ਦੀ ਦੂਜੀ ਵਰਤੋਂ ਅਤੇ ਦੂਜਾ ਮਕਸਦ ਜਿਹਦੇ ਲਈ ਮਸੀਹ ਨੇ ਕਲੀਸੀਆ ਲਈ ਆਪਣੇ ਆਪ ਨੂੰ ਦੇ ਦਿੱਤਾ, ਆਇਤ 27 ਵਿਚ ਮਿਲਦਾ ਹੈ: **ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸੀਆ ਤਿਆਰ ਕਰੇ ਜਿਹ ਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ।** ਮਸੀਹ ਨੇ ਕਲੀਸੀਆ ਨੂੰ ਆਪਣੀ ਪਵਿੱਤਰ ਲਾੜੀ ਦੇ ਰੂਪ ਵਿਚ ਆਪਣੇ ਲਈ ਪੇਸ਼ ਕੀਤਾ। 2 ਕੁਰਿੰਥੀਆਂ 11:2 ਵਿਚ ਪੌਲੁਸ ਨੇ ਆਪਣੇ ਆਪ ਨੂੰ ਲਾੜੀ ਦੇ ਪਿਤਾ ਜਾਂ ਲਾੜੇ ਦੇ ਦੋਸਤ ਦੇ ਰੂਪ ਵਿਚ ਦੱਸਿਆ ਜਿਸ ਨੇ ਨਿਹਕਲੰਕ ਲਾੜੀ ਦੇ ਰੂਪ ਵਿਚ ਕੁਰਿੰਥੁਸ ਦੀ ਕਲੀਸੀਆ ਨੂੰ ਮਸੀਹ ਦੇ ਸਪੁਰਦ ਕਰਨਾ ਸੀ। ਪਰ ਅਫ਼ਸੀਆਂ ਦੀ ਕਿਤਾਬ ਵਿਚ ਮਸੀਹ ਨੂੰ ਕਲੀਸੀਆ ਨੂੰ ''ਪਰਤਾਪਵਾਨ'' ਪੇਸ਼ ਕਰਨ ਦੀ ਗੱਲ ਕੀਤੀ ਗਈ ਹੈ। ''ਪਰਤਾਪ'' *endoxos* ਦਾ ਅਨੁਵਾਦ, ਇਕ ਅਜਿਹਾ ਸ਼ਬਦ ਹੈ ਜਿਸ ਦੀ ਵਰਤੋਂ ਇਸ ਖ਼ਤ ਵਿਚ ਕਿਤੇ ਹੋਰ ਕਲੀਸੀਆ ਦੇ ਸਬੰਧ ਵਿਚ ਕੀਤੀ ਗਈ ਹੈ ਜਿੱਥੇ ''ਸ਼ਾਨ'' ਦਾ ਵਿਚਾਰ ਪਾਇਆ ਜਾਂਦਾ ਹੈ।[26] ਕਲੀਸੀਆ ਦੀ ਵਿਰਾਸਤ ਪਰਤਾਪਵਾਨ ਹੈ (1:18), ਅਤੇ ਕਲੀਸੀਆ ਖ਼ੁਦਾ ਨੂੰ ਪਰਤਾਪ ਦਿੰਦੀ ਹੈ (3:21)। ਆਇਤ 27 ''ਪਰਤਾਪ'' ''ਇਖ਼ਲਾਕੀ ਸਿੱਧਤਾ'' ਵਿਚ ਲਵੇਟੀ ਮਸੀਹ ਦੀ ਨਿਹਕਲੰਕ ਲਾੜੀ ਦੇ ਰੂਪ ਵਿਚ ਕਲੀਸੀਆ ਦੇ ਵੇਰਵੇ ਨੂੰ ਵਧਾਵਾ ਦਿੰਦਾ ਹੈ।[27]

ਪਿਛਲੇ ਵਾਕਅੰਸ਼ ਵਿਚ ''ਪਰਤਾਪ'' ਨਾਲੋਂ ਫ਼ਰਕ ''ਜਿਹਦੇ ਵਿਚ ਕਲੰਕ ਜਾਂ ਬੱਜ ਜਾਂ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ।'' ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਮਸੀਹ ਦੀ ਲਾੜੀ ਨੈਤਿਕ ਕਲੰਕ ਜਾਂ ਗੰਦਗੀ ਜਾਂ ਬਦਸੂਰਤੀ ਤੋਂ ਰਹਿਤ ਹੈ। ਵਿਆਹ ਦੀਆਂ ਪੁਰਾਣੀਆਂ ਰੀਤਾਂ ਨਾਲ ਮੇਲ ਖਾਂਦੇ ਹੋਏ ਲਾੜੇ ਨੇ ਲਾੜੀ ਦੇ ਘਰ ਵਿਚ ਆਉਣਾ ਸੀ, ਅਤੇ ਦਾਜ ਦੇ ਕੇ ਆਪਣੇ ਘਰ ਇਸ ਇਰਾਦੇ ਨਾਲ ਪਰਤ ਜਾਣਾ ਸੀ ਕਿ ਉਹ ਫੇਰ ਤੋਂ ਆਪਣੀ ਨਿਹਕਲੰਕ ਲਾੜੀ ਨੂੰ ਵਿਆਹੁਣ ਲਈ ਆਵੇਗਾ। ਇਸੇ ਤਰ੍ਹਾਂ ਨਾਲ ਮਸੀਹ ਆਇਆ ਅਤੇ ਉਸ ਨੇ ਦਾਜ ਦੇ ਰੂਪ ਵਿਚ ''ਆਪਣੇ ਆਪ ਨੂੰ ਦੇ ਦਿੱਤਾ'' (5:25), ਸੁਰਗ ਵਿਚ ਪਰਤ ਗਿਆ ਅਤੇ ਆਪਣੀ ਨਿਹਕਲੰਕ ਲਾੜੀ ਨੂੰ ਲੈਣ ਫੇਰ ਤੋਂ ਆ ਰਿਹਾ ਹੈ। ਕਲੀਸੀਆ ਨੂੰ ਉਹ ਦੇ ਅੱਗੇ ਪੇਸ਼ ਕੀਤਾ ਜਾਣਾ ਸਮੇਂ ਦੇ ਅਖ਼ੀਰ ਵਿਚ ਹੋਵੇਗਾ। ਇਹ 2 ਕੁਰਿੰਥੀਆਂ 11:2 ਪੌਲੁਸ ਦੀ ਗੱਲ ਨਾਲ ਅਤੇ ਪ੍ਰਕਾਸ਼ ਦੀ ਪੋਥੀ 19 ਵਾਲੇ ਵਿਆਹ ਦੇ ਭੋਜ ਦੇ ਰੂਪਕ ਨਾਲ ਮੇਲ ਖਾਂਦਾ ਹੈ।

**ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ।** ਇਹ *hina* ਦੀ ਤੀਜੀ ਵਰਤੋਂ ਅਤੇ ਕਲੀਸੀਆ ਲਈ ਮਸੀਹ ਨੇ ''ਆਪਣੇ ਆਪ ਨੂੰ ਦੇ ਦਿੱਤਾ'' ਦਾ ਤੀਜਾ ਕਾਰਣ ਹੈ। ''ਪਵਿੱਤਰ ਅਤੇ ਨਿਰਮਲ'' ਦੀ ਵਰਤੋਂ ਪੌਲੁਸ ਵੱਲੋਂ (1:4) ਅਫ਼ਸੀਆਂ ਨੂੰ ਮਸੀਹ ਵਿਚ ''ਜਗਤ ਦੀ ਨੀਂਹ ਧਰਨ ਤੋਂ ਅੱਗੋਂ ਚੁਣ ਲਿਆ'' ਜਾਣ ਦੇ ਖ਼ੁਦਾ ਦੇ ਮਕਸਦ ਨੂੰ ਵਿਖਾਉਣ ਲਈ ਕੀਤੀ ਗਈ। ਉਹ ਉਨ੍ਹਾਂ ਨੂੰ ''ਉਹ ਦੇ ਸਨਮੁੱਖ ਪਵਿੱਤਰ ਅਤੇ ਨਿਰਮਲ'' ਵੇਖਣਾ ਚਾਹੁੰਦਾ ਸੀ। ਅਪਵਿੱਤਰਤਾਈ ਅਤੇ ਦੋਸ਼ ਉਨ੍ਹਾਂ ਲੋਕਾਂ ਦੀਆਂ ਖੂਬੀਆਂ ਹਨ ਜਿਹੜੇ ਖ਼ੁਦਾ ਨੂੰ ਨਹੀਂ ਜਾਣਦੇ, ਪਰ ਪਵਿੱਤਰਤਾਈ ਅਤੇ ਖ਼ਰਾਪਣ ਕਲੀਸੀਆ ਦੀ ਖੂਬੀ ਹੈ। ਕਲੀਸੀਆ ਮਸੀਹ ਦੇ ਲਹੂ ਦੇ ਰਾਹੀਂ ਜਿਹੜਾ ਉਸ ਨੇ ''ਉਹ ਦੇ ਲਈ ਆਪਣੇ ਆਪ ਨੂੰ ਦੇ ਦੇਣ ਦੇ ਰੂਪ ਵਿਚ ਸਲੀਬ ਤੇ ਵਹੇ ਲਹੂ ਨਾਲ ਸ਼ੁੱਧ ਹੋਣਾ ਸੰਭਵ ਹੋਣ ਕਰਕੇ ਹੁਣ ਪਵਿੱਤਰ ਅਤੇ ਨਿਰਮਲ'' ਹਨ। ਕਲੀਸੀਆ ਚਾਨਣ ਵਿਚ ਰਹਿ ਕੇ ਅਤੇ ਉਸ ਦੇ ਲਹੂ ਨਾਲ ਸ਼ੁੱਧ ਹੋ ਕੇ ''ਪਵਿੱਤਰ ਅਤੇ ਨਿਰਮਲ'' ਬਣੀ ਰਹਿੰਦੀ ਹੈ (1 ਯੂਹੰਨਾ 1:7)। ਮਸੀਹ ਜਦੋਂ ਦੋਬਾਰਾ ਆਵੇਗਾ ਤਾਂ ਉਹ ਆਪਣੇ

ਸਾਹਮਣੇ ਇਕ ਨਿਹਕਲੰਕ ਲਾੜੀ ਨੂੰ ਪੇਸ਼ ਕਰੇਗਾ। ਕਲੀਸੀਆ ਨੂੰ ਲਹੂ ਨਾਲ ਸ਼ੁੱਧ ਕੀਤਾ ਗਿਆ ਹੈ, ਇਸ ਕਰਕੇ ਇਸ ਨੂੰ ''ਪਵਿੱਤਰ ਅਤੇ ਨਿਰਮਲ'' ਮੰਨਿਆ ਜਾ ਸਕਦਾ ਹੈ। ਮਸੀਹ ਦੀ ਕਲੀਸੀਆ ਦੇ ਲੋਕਾਂ ਭਾਵ ਉਸ ਦੀ ਦੇਹ ਅਤੇ ਉਸ ਦੀ ਲਾੜੀ ਦੇ ਰੂਪ ਵਿਚ ਸਾਡੇ ਲਈ ਉਨ੍ਹਾਂ ਸਿੱਖਿਆਵਾਂ ਦੇ ਮੁਤਾਬਿਕ ਜੀਉਣਾ ਜ਼ਰੂਰੀ ਹੈ ਜਿਹੜੀਆਂ ਪੌਲੁਸ ਨੇ ਇਸ ਖ਼ਤ ਵਿਚ ਲਿਖੀਆਂ।

**ਆਇਤ 28.** ਆਪਣੀਆਂ ਪਤਨੀਆਂ ਲਈ ਪਤੀਆਂ ਦੀ ਜਵਾਬਦੇਹੀ ਨੂੰ ਦੱਸਣ ਲਈ ਪੌਲੁਸ ਨੇ ਇਕ ਉਦਾਹਰਣ ਦੇ ਰੂਪ ਵਿਚ ਕਿ ਪਤੀਆਂ ਨੂੰ ਆਪਣੀਆਂ ਪਤਨੀਆਂ ਦੀ ਦੇਖਭਾਲ ਕਿਵੇਂ ਕਰਨੀ ਚਾਹੀਦੀ ਹੈ, ਕਲੀਸੀਆ ਲਈ ਮਸੀਹ ਦੇ ਪ੍ਰੇਮ ਦੀ ਉਦਾਹਰਣ ਦਿੱਤੀ। ਉਸ ਨੇ ਕਿਹਾ, **ਇਸੇ ਤਰ੍ਹਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ।** ''ਇਸੇ ਤਰ੍ਹਾਂ'' *houtōs* ਦਾ ਅਨੁਵਾਦ ਹੈ ਅਤੇ ਸੰਕੇਤ ਦਿੰਦਾ ਹੈ ਕਿ ਅਗਲੀ ਗੱਲ ਇਸ ਤੱਥ ਨਾਲ ਜੁੜੀ ਹੈ ਕਿ ਪਤੀ ਆਪਣੀਆਂ ਪਤਨੀਆਂ ਨਾਲ ਉਵੇਂ ਹੀ ਪ੍ਰੇਮ ਰੱਖਣ ''ਜਿਵੇਂ ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ'' (5:25)। ''ਚਾਹੀਦਾ ਹੈ'' *opheilō* ਦਾ ਅਨੁਵਾਦ ਹੈ ਜਿਸ ਦਾ ਅਰਥ ''ਨੈਤਿਕ ਜਾਂ ਨਿੱਜੀ ਜਵਾਬਦੇਹੀ ਕਰਕੇ ਦੇਣਦਾਰੀ''[28] ਹੈ (ਵੇਖੋ ਯੂਹੰਨਾ 13:14)। ''ਆਪਣੇ ਹੀ ਨਾਲ'' (5:28) ਤੋਂ ਭਾਵ ਹੈ ਕਿ ਪਤੀ ''ਆਪਣੀ ਪਤਨੀ ਨਾਲ ਆਪਣੇ ਹੀ ਜਿਹਾ ਪ੍ਰੇਮ ਕਰੇ'' (5:33)। ਐਸ. ਡੀ. ਐਫ਼. ਸੈਲਮੰਡ ਨੇ ਟਿੱਪਣੀ ਕੀਤੀ:

> ਇਸ ਨੂੰ ''ਆਪਣੇ ਵਾਂਗ'' ਤਕ ਨਹੀਂ ਘਟਾਉਣਾ ਚਾਹੀਦਾ . . .; ਨਾ ਹੀ *[hos*, ''ਜਿਵੇਂ''*]* ਦਾ ਅਰਥ ਇੱਥੇ ਸਿਰਫ਼ ''ਦੇ ਵਾਂਗ'' ਹੈ, ਜਿਵੇਂ ਇਸ ਦਾ ਅਰਥ ਐਨਾਂ ਹੀ ਹੋਵੇ ਕਿ ਆਪਣੀ ਪਤਨੀ ਲਈ ਪਤੀ ਦਾ ਪ੍ਰੇਮ *ਉਵੇਂ* ਹੀ ਹੋਵੇ ਜਿਵੇਂ ਉਹ ਆਪਣੇ ਆਪ ਨਾਲ ਪ੍ਰੇਮ ਕਰਦਾ ਹੈ। *hos* ਵਿਚ *ਗੁਣਾਤਮਕ* ਜੋਰ ਹੈ, = ਦੇ ਵਾਂਗ, ''ਜਿਵੇਂ।'' *ਮਸੀਹ* ਅਤੇ *ਪਤੀ* ਦੋਵੇਂ *ਸਿਰ* ਹਨ। ਜਿਵੇਂ ਪੌਲੁਸ ਨੇ ਪਹਿਲਾਂ ਹੀ ਦੱਸਿਆ ਸੀ ਅਤੇ ਪਹਿਲੇ ਵਾਲੇ ਦੇ ਸਬੰਧ ਵਿਚ ਦੇਹ ਕਲੀਸੀਆ ਹੈ, ਉਵੇਂ ਹੀ ਬਾਅਦ ਵਾਲੇ ਦੇ ਸਬੰਧ ਵਿਚ ਪਤਨੀ ਹੈ। ਇਸ ਕਰਕੇ ਪਤੀ ਲਈ ਜੋ ਕਿ ਸਿਰ ਹੈ ਆਪਣੀ ਦੇਹ ਦੇ ਹੋਣ ਕਰਕੇ ਪਤਨੀ ਨਾਲ ਪ੍ਰੇਮ ਰੱਖਣਾ ਜ਼ਰੂਰੀ ਹੈ, ਬਿਲਕੁਲ ਉਵੇਂ ਜਿਵੇਂ ਆਪਣੀ ਦੇਹ ਨੂੰ ਬਣਾਉਣ ਦੇ ਰੂਪ ਵਿਚ ਮਸੀਹ ਕਲੀਸੀਆ ਨਾਲ ਰੱਖਦਾ ਹੈ। ਪਤੀ ਅਤੇ ਪਤਨੀ ਦੇ *ਇਕ ਬਦਨ* ਹੋਣ ਦਾ ਵਿਚਾਰ ਵੀ ਸੰਭਵ ਤੌਰ ਤੇ ਧਿਆਨ ਵਿਚ ਰੱਖਿਆ ਗਿਆ ਹੈ।[29]

**ਆਇਤਾਂ 28, 29.** ਕੁਦਰਤ ਤੋਂ ਪਤਾ ਲਗਦਾ ਹੈ ਕਿ ਆਮ ਤੌਰ ਤੇ ਲੋਕ ਆਪਣੇ ਜਿਸਮ ਜਾਂ ਦੇਹ ਤੋਂ ਨਫ਼ਰਤ ਨਹੀਂ ਕਰਦੇ। ਇਸ ਕਰਕੇ ਕੁਦਰਤ ਪਤੀਆਂ ਨੂੰ ਆਪੋ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖਣ ਲਈ ਕਹਿੰਦੀ ਹੈ ਕਿਉਂ ਜੋ ਉਹ ਆਪਣੇ ਪਤੀਆਂ ਦਾ ਅਹਿਮ ਭਾਗ ਬਣ ਜਾਂਦੀਆਂ ਹਨ। ਪਤੀ ਆਪੋ ਆਪਣੀਆਂ ਪਤਨੀਆਂ ਦੇ ਸਿਰ ਹਨ, ਉਵੇਂ ਹੀ ਮਸੀਹ ਆਪਣੀ ਦੇਹ ਭਾਵ ਕਲੀਸੀਆ ਦਾ ਸਿਰ ਹੈ। ਇਸ ਸਮਾਨਤਾ ਵੱਲ ਧਿਆਨ ਦੁਆ ਕੇ ਪੌਲੁਸ ਨੇ ਸੰਕੇਤ ਦਿੱਤਾ ਕਿ ਪਤੀਆਂ ਦਾ ਆਪੋ ਆਪਣੀਆਂ ਪਤਨੀਆਂ ਦੇ ਉੱਪਰ ਸਿਰ ਹੋਣਾ ਸਹੀ ਹੈ। ਫਿਰ ਪਤੀ ਆਪੋ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖਦੇ ਹੋਏ ਉਨ੍ਹਾਂ ਨਾਲ ਪ੍ਰੇਮ ਕਰਦੇ ਹਨ। ਪਤੀ ਜਿਵੇਂ ਆਪਣੇ ਬਦਨ ਨੂੰ **ਪਾਲਦਾ ਪੋਸਦਾ ਹੈ।** ਉਵੇਂ ਹੀ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਤਨੀ ਦਾ ਪਾਲਣ ਪੋਸ਼ਣ ਕਰੇ, **ਜਿਵੇਂ ਮਸੀਹ ਵੀ ਕਲੀਸੀਆ ਨੂੰ।**

''ਪਾਲਦਾ'' (ek, ''ਵਿੱਚੋਂ'') ਅਤੇ (*trephō*, ''ਖੁਆ ਕੇ ਮੋਟਾ ਕਰਨਾ; ਇਸ ਲਈ ਖੁਆਉਣਾ, ਪਾਲਣਾ, ਪੋਸਣਾ'')[30] ਤੋਂ ਬਣੇ ਮਿਸ਼ਰਤ ਸ਼ਬਦ *ektrephō* ਦਾ ਅਨੁਵਾਦ ਹੈ। ਇਸੇ ਮੂਲ ਸ਼ਬਦ ਦਾ ਅਨੁਵਾਦ 6:4 ਵਿਚ ''ਪਾਲਣਾ'' ਹੋਇਆ ਹੈ, ਜਿੱਥੇ ਇਸ ਦੀ ਵਰਤੋਂ ਬੱਚਿਆਂ

ਦੀ ਸਿੱਖਲਾਈ ਲਈ ਹੋਈ ਹੈ। ਜਿਵੇਂ ਮਸੀਹ ਨੇ ਬਪਤਿਸਮੇ ਅਤੇ ਵਚਨ ਦੇ ਰਾਹੀਂ ਕਲੀਸੀਆ ਨੂੰ ਪਵਿੱਤਰ ਕਰਨਾ ਅਤੇ ਸ਼ੁੱਧ ਕੀਤਾ ਜਾਣਾ ਦਿੱਤਾ ਹੈ (ਵੇਖੋ 5:26), ਅਤੇ ਜਿਵੇਂ ਉਸ ਨੇ ਕਲੀਸੀਆ ਨੂੰ ਪਰਿਪਕ ਕਰਨ ਦਾ ਉਪਾਅ ਕੀਤਾ ਹੈ (4:11–16), ਉਵੇਂ ਹੀ ਪਤੀਆਂ ਲਈ ਆਪੋ ਆਪਣੀਆਂ ਪਤਨੀਆਂ ਦੀ ਤਰੱਕੀ ਵਿਚ ਉਨ੍ਹਾਂ ਦੀ ਮਦਦ ਕਰਨੀ ਜ਼ਰੂਰੀ ਹੈ।

"ਪੋਸਦਾ" (*thalpō*) ਦਾ ਸਬੰਧ ਗਰਮੀ ਜਾਂ ਗਰਮਾਇਸ਼ ਨਾਲ ਹੈ।[31] 1 ਥੱਸਲੁਨੀਕੀਆਂ 2:7 ਵਿਚ ਆਪਣੇ ਹੀ ਬੱਚਿਆਂ ਦੀ ਦੇਖਭਾਲ ਕਰਦੀ ਮਾਂ ਦੀ ਗੱਲ ਕੀਤੀ ਗਈ ਹੈ। "ਪੋਸਦਾ" ਕਲੀਸੀਆ ਦੀ ਦੇਖਭਾਲ ਵਿਚ ਮਸੀਹ ਦੀ ਨਰਮਾਈ ਨੂੰ ਵਿਖਾਉਂਦਾ ਹੈ ਅਤੇ ਪਤੀਆਂ ਨੂੰ ਯਾਦ ਦੁਆਉਂਦਾ ਹੈ ਕਿ ਉਹ ਆਪੋ ਆਪਣੀਆਂ ਪਤਨੀਆਂ ਦੀ ਬੇਹਤਰੀ ਅਤੇ ਭਲਿਆਈ ਲਈ ਨਰਮਾਈ ਨਾਲ ਅਤੇ ਪ੍ਰੇਮ ਨਾਲ ਕੰਮ ਕਰਨ।

**ਆਇਤ 30. ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ।** ਇਸ ਤੱਥ ਦੀ ਗੱਲ ਕਰਦਾ ਹੈ ਕਿ ਮਸੀਹੀ ਲੋਕਾਂ ਦਾ ਆਪਣੇ ਸਿਰ ਯਿਸੂ ਮਸੀਹ ਨਾਲ ਪਿਆਰ ਭਰਿਆ ਸਬੰਧ ਹੈ ਜਿਹੜਾ ਉਨ੍ਹਾਂ ਦੀ ਦੇਖਭਾਲ ਕਰਦਾ ਅਤੇ ਆਪਣੀ ਦੇਹੀ ਦੇ ਰੂਪ ਵਿਚ ਉਨ੍ਹਾਂ ਦੀ ਲੋੜ ਨੂੰ ਪੂਰਾ ਕਰਦਾ ਹੈ। ਇਸ ਤੋਂ ਇਲਾਵਾ ਮਸੀਹ ਪ੍ਰੇਮੀ ਅਤੇ ਪਾਲਣ–ਪੋਸਣ ਕਰਨ ਵਾਲੇ ਪਤੀ ਵਾਂਗ ਆਪਣੀ ਲਾੜੀ ਲਈ ਇੰਤਜ਼ਾਮ ਕਰਦਿਆਂ ਕਲੀਸੀਆ ਦੀ ਦੇਖਭਾਲ ਕਰਦਾ ਹੈ। ਹਰ ਮੈਂਬਰ ਮਸੀਹ ਦੀ ਦੇਹ ਦਾ ਅਹਿਮ ਅੰਗ ਹੈ। ਜਿਸ ਨੂੰ ਸਾਡੇ ਪ੍ਰਭੂ ਨੇ "ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ" (ਰਸੂਲਾਂ ਦੇ ਕੰਮ 20:28)। ਦੇਹ ਮਸੀਹ ਲਈ ਬੇਸ਼ਕੀਮਤੀ ਹੈ ਅਤੇ ਇਹ ਮਸੀਹ ਦਾ ਹਿੱਸਾ ਹੈ। ਉਹ ਅਨਿੱਖੜਵੇਂ ਢੰਗ ਨਾਲ ਇਸ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀਆਂ ਲੋੜਾਂ ਨੂੰ ਪੂਰਿਆਂ ਕਰਦਾ ਹੈ। ਉਸੇ ਤਰ੍ਹਾਂ ਪਤੀਆਂ ਲਈ ਆਪਣੀਆਂ ਪਤਨੀਆਂ ਨੂੰ ਅਹਿਮੀਅਤ ਦੇਣੀ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਪਿਆਰ ਨਾਲ ਕਰਨ ਦੀ ਹਰ ਕੋਸ਼ਿਸ਼ ਕਰਨੀ ਜ਼ਰੂਰੀ ਹੈ।

**ਆਇਤ 31. ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇਕ ਸਰੀਰ ਹੋਣਗੇ।** ਉਤਪਤ 2:24 ਤੋਂ ਲਈ ਗਈ ਇਹ ਉਦਾਹਰਣ ਪਤਨੀਆਂ ਅਤੇ ਪਤੀਆਂ ਵਿਚਕਾਰ ਏਕਤਾ ਦੇ ਸਬੰਧ ਵਿਚ ਮਸੀਹੀ ਲੋਕਾਂ ਨੂੰ ਆਖ਼ਰੀ ਯਾਦਦਹਾਨੀ ਕਰਾਉਣ ਦਾ ਕੰਮ ਕਰਦੀ ਹੈ। ਪੌਲੁਸ ਨੇ ਪਤੀਆਂ ਨੂੰ ਆਪੋ ਆਪਣੀਆਂ ਪਤਨੀਆਂ ਨਾਲ "ਆਪਣੇ ਵਾਂਗ" ਪ੍ਰੇਮ ਰੱਖਣ ਅਤੇ ਪਤੀ ਦੇ ਆਪਣੀ ਪਤਨੀ ਨਾਲ "ਆਪਣੇ ਆਪ ਨਾਲ" ਪ੍ਰੇਮ ਰੱਖਣ ਵਾਂਗ ਪ੍ਰੇਮ ਕਰਨ ਲਈ ਕਿਹਾ (5:28)। ਇਸ ਤੋਂ ਇਲਾਵਾ ਪੌਲੁਸ ਨੇ ਕਿਹਾ ਕਿ "ਕਿਸੇ ਨੇ ਆਪਣੇ ਸਰੀਰ ਨਾਲ ਕਦੇ ਵੈਰ ਨਹੀਂ ਕੀਤਾ" (5:29)। ਉਤਪਤ ਦੀ ਕਿਤਾਬ ਵਿੱਚੋਂ ਲਈ ਗਈ ਇਹ ਗੱਲ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਪਤੀ ਅਤੇ ਪਤਨੀਆਂ ਅਸਲ ਵਿਚ "ਇਕ ਬਦਨ" ਹਨ।

**ਆਇਤ 32.** ਪੌਲੁਸ ਨੇ ਇਹ ਯਾਦ ਦੁਆਉਂਦਿਆਂ ਕਿ ਉਹ ਪਰਤੀਕ ਦੀ ਭਾਸ਼ਾ ਦੀ ਵਰਤੋਂ ਕਰ ਰਿਹਾ ਸੀ ਇਸ ਭਾਗ ਨੂੰ ਖ਼ਤਮ ਕੀਤਾ। ਵਿਆਹ ਦੇ **ਭੇਤ** ਦੇ ਰਾਹੀਂ ਖ਼ੁਦਾ ਨੇ ਪਤੀ ਅਤੇ ਪਤਨੀ ਨੂੰ "ਇਕ ਬਦਨ" ਬਣਾਇਆ। ਇਹ ਰਹੱਸ ਭਰੀ ਏਕਤਾ ਸਾਨੂੰ **ਕਲੀਸੀਆ** ਨੂੰ ਸਮਝਣ ਵਿਚ ਮਦਦ ਕਰਦੀ ਹੈ। ਖ਼ੁਦਾ ਨੇ **ਮਸੀਹ** ਨੂੰ ਕਲੀਸੀਆ ਦਾ ਸਿਰ ਭਾਵ ਲਾੜੀ ਦਾ ਲਾੜਾ ਬਣਾਇਆ। ਮਸੀਹੀ ਲੋਕ ਮਸੀਹ ਦੀ ਦੇਹ ਅਤੇ ਮਸੀਹ ਦੀ ਲਾੜੀ ਹਨ।

**ਆਇਤ 33.** ਕਲੀਸੀਆ ਨਾਲ ਮਸੀਹ ਦੇ ਸਬੰਧ ਦੇ ਭੇਤ ਦਾ ਪਤੀ/ਪਤਨੀ ਸਬੰਧ ਵਿਚ ਵਿਹਾਰਕ ਅਰਥ ਹੈ। ਇਹ ਲਿਖਦਿਆਂ ਕਿ **ਪਰ** (*plēn*) ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ "ਮੈਂ ਉਸੇ ਗੱਲ ਤੇ ਵਾਪਸ ਆਉਂਦਾ ਹਾਂ ਜਿਹੜੀ ਮੈਂ ਪਤਨੀਆਂ ਅਤੇ ਪਤੀਆਂ ਦੇ ਸਬੰਧ ਵਿਚ ਕਹਿ ਰਿਹਾ ਸਾਂ।" ਫਿਰ ਉਸ ਨੇ ਇਸ ਹਕੀਕਤ ਉੱਤੇ ਜ਼ੋਰ ਦਿੱਤਾ ਕਿ ਕਿਸੇ ਪਤੀ ਨੂੰ ਇਨ੍ਹਾਂ ਗੱਲਾਂ ਤੋਂ ਛੋਟ ਨਹੀਂ ਹੈ। ਰਸੂਲ ਨੇ ਆਖਿਆ, **ਹਰੇਕ ਆਪੋ ਆਪਣੀ ਪਤਨੀ ਨਾਲ . . . ਪ੍ਰੇਮ ਕਰੇ।** ਇਸੇ ਤਰ੍ਹਾਂ ਇਸ ਹੁਕਮ

ਵਿਚ ਹਰ ਪਤਨੀ ਨੂੰ ਵੀ ਮਿਲਾ ਲਿਆ ਗਿਆ ਕਿ **ਪਤਨੀ ਆਪਣੇ ਪਤੀ ਦਾ ਮਾਨ ਕਰੇ।** ''ਮਾਨ'' ਯੂਨਾਨੀ ਕਿਰਿਆ ਸ਼ਬਦ *phobeō* ਦਾ ਅਨੁਵਾਦ ਹੈ। ਇਸ ਦਾ ਅਰਥ ਭਾਵੇਂ ''ਡਰ'' ਹੈ,[32] ਪਰ ਇਹ ਗੁਲਾਮ ਵਾਲਾ ਡਰ ਨਹੀਂ ਬਲਕਿ ''ਭਗਤੀ ਦਾ ਡਰ''[33] ਭਾਵ ''ਆਤਮਬਲਿਦਾਨ ਭਰੇ ਪ੍ਰੇਮ ਵਿਚ ਪਤੀ ਦੇ ਪਰਮੁੱਖ ਹੋਣ ਨੂੰ ਮੰਨਣ ਦਾ'' ਸਹੀ ਜਵਾਬ ਹੈ।[34]

## ਵਾਧੂ ਅਧਿਐਨ ਲਈ

**ਕਲੀਸੀਆ ਦੀ ਪਵਿਤਰਤਾਈ** (5:26)

ਅਫ਼ਸੀਆਂ 5:26 ਵਿਚ ''ਪਵਿੱਤਰ'' ਸ਼ਬਦ ਮਸੀਹ ਦਾ ਇਕ ਕਾਰਜ ਹੈ। ਇਹ ਲਗਾਤਾਰ ਜਾਂ ਬਾਰ ਬਾਰ ਕੀਤਾ ਜਾਣ ਵਾਲਾ ਕੰਮ ਨਹੀਂ ਹੈ। ਮਸੀਹੀ ਲੋਕ ਭਾਵੇਂ ਪਵਿੱਤਰਤਾਈ ਵਿਚ ਵੱਧਦੇ ਰਹਿੰਦੇ ਹਨ ਪਰ ਪੌਲੁਸ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਅਸੀਂ ਪਹਿਲਾਂ ਤੋਂ ਪਵਿੱਤਰ ਕੀਤੇ ਹੋਏ ਲੋਕ ਹਾਂ।

ਮਸੀਹ ਨੇ ਕਲੀਸੀਆ ਨੂੰ ਪਵਿੱਤਰ ਕਰ ਦਿੱਤਾ ਜਦੋਂ ਉਸ ਨੇ ''ਉਸ ਨੂੰ ਜਲ ਦੇ ਇਸ਼ਨਾਨ ਤੋਂ ਬਾਣੀ ਨਾਲ ਸ਼ੁੱਧ'' ਕੀਤਾ। ਅਤੀਤ ਵਿਚ ਇਕ ਖ਼ਾਸ ਮੌਕੇ ਤੇ ਮਸੀਹ ਨੇ ਕਲੀਸੀਆ ਨੂੰ ਸ਼ੁੱਧ ਕਰਕੇ ਉਸ ਨੂੰ ਪਵਿੱਤਰ ਦਿੱਤਾ। (ਕਿਰਿਆ ਸ਼ਬਦ ਜਿਸ ਦਾ ਅਨੁਵਾਦ ''ਸ਼ੁੱਧ ਕਰਕੇ'' ਹੋਇਆ ਹੈ, ਦਾ ਇਹੀ ਮਹੱਤਵ ਹੈ।) ਇਹ ਨਿਚੋੜ ਕੱਢਣ ਦਾ ਕੋਈ ਕਾਰਨ ਨਹੀਂ ਹੈ ਕਿ ''...ਜਲ ਦੇ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ'' ਕਰਨ ਦੀ ਗੱਲ ਲਿਖਦਿਆਂ ਪੌਲੁਸ ਦੇ ਮਨ ਵਿਚ ਅਲੰਕਾਰੀ ਗੱਲ ਸੀ। ਬਾਈਬਲ ਅਧਿਐਨ ਦਾ ਵਧੀਆ ਨਿਯਮ ਵਚਨ ਨੂੰ ਬੁਨਿਆਦੀ ਅਰਥ ਵਿਚ ਲੈਣਾ ਹੈ ਜਦੋਂ ਤਕ ਇਸ ਨੂੰ ਪਰਤੀਕ, ਸੰਕੇਤ ਅਤੇ ਅਲੰਕਾਰ ਦੇ ਅਰਥ ਵਿਚ ਵੇਖਣ ਦਾ ਕੋਈ ਕਾਰਣ ਨਾ ਹੋਵੇ। ਮਸੀਹ ਨੇ ਕਲੀਸੀਆ ਨੂੰ ''ਅਸ਼ਨਾਨ'' ਦੇ ਰਾਹੀਂ ਜਿਸ ਵਿਚ ਜਲ ਅਤੇ ''ਬਾਣੀ'' ਜਾਂ ਵਚਨ ਸ਼ਾਮਿਲ ਸੀ, ਸ਼ੁੱਧ ਕੀਤਾ। ਮੂਲ ਵਿਚ ''ਜਲ'' ਆਪਣੇ ਲੋਕਾਂ ਲਈ ਪ੍ਰਭੂ ਦੀ ਯੋਜਨਾ ਦੇ ਭਾਗ ਦੇ ਰੂਪ ਵਿਚ ਲਿਖਤ ਵਿਚ ਹਰ ਥਾਂ ਹੈ।

ਉਦਾਹਰਣ ਲਈ ਯੂਹੰਨਾ ਬਪਤਿਸਮਾ ਦੇਣ ਵਾਲਾ ਯਰਦਨ ਦਰਿਆ ਵਿਚ ਲੋਕਾਂ ਨੂੰ ਬਪਤਿਸਮਾ ਦਿੰਦਿਆਂ ਮਸੀਹ ਦੇ ਆਉਣ ਦੀ ਤਿਆਰੀ ਕਰ ਰਿਹਾ ਸੀ (ਮੱਤੀ 3:6)। ਯਿਸੂ ਨੇ ਯੂਹੰਨਾ ਤੋਂ ਬਪਤਿਸਮਾ ਲਿਆ ਅਤੇ ਜਲ ਭਾਵ ਪਾਣੀ ਵਿੱਚੋਂ ਬਾਹਰ ਆਇਆ (ਮੱਤੀ 3:16)। ਯੂਹੰਨਾ ''ਸਲੀਮ ਦੇ ਨੇੜੇ ਐਨੋਨ ਵਿਚ ਬਪਤਿਸਮਾ ਦਿੰਦਾ ਸੀ ਕਿਉਂ ਕਿ ਉੱਥੇ ਜਲ ਬਹੁਤ ਸੀ'' (ਯੂਹੰਨਾ 3:23)। ਯਿਸੂ ਨੇ ਖ਼ੁਦਾ ਦੇ ਰਾਜ ਵਿਚ ਵੜਨ ਦੀ ਸ਼ਰਤ ਜਲ ਅਰ ਆਤਮਾ ਤੋਂ ਜਨਮ ਲੈਣਾ ਦੱਸਿਆ (ਯੂਹੰਨਾ 3:5)। ਯਿਸੂ ਦਾ ਸੰਦੇਸ਼ ਸੁਣਨ ਦੇ ਬਾਅਦ ਹਬਸ਼ੀ ਖੋਜੇ ਨੇ ਫ਼ਿਲਿੱਪੁਸ ਨੂੰ ਆਖਿਆ, ''ਵੇਖ ਪਾਣੀ ਹੈਗਾ–ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ?'' (ਰਸੂਲਾਂ ਦੇ ਕੰਮ 8:36)। ਆਪਣੇ ਇਮਾਨ ਦਾ ਇਕਰਾਰ ਕਰਨ ਦੇ ਬਾਅਦ ਹਬਸ਼ੀ ਖੋਜਾ ਅਤੇ ਫ਼ਿਲਿੱਪੁਸ ''ਦੋਵੇਂ ਪਾਣੀ ਵਿਚ ਉੱਤਰੇ ਅਤੇ ਉਹ ਨੇ ਉਸ ਨੂੰ ਬਪਤਿਸਮਾ ਦਿੱਤਾ'' (ਰਸੂਲਾਂ ਦੇ ਕੰਮ 8:38)। ਪਤਰਸ ਜਦ ਗੈਰ ਕੌਮ ਕੁਰਨੇਲਿਉਸ ਕੋਲ ਇੰਜੀਲ ਲੈ ਕੇ ਗਿਆ ਤਾਂ ਉਸ ਨੇ ਆਖਿਆ, ''ਕੀ ਕੋਈ ਪਾਣੀ ਨੂੰ ਰੋਕ ਸਕਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਬਪਤਿਸਮਾ ਨਾ ਦਿੱਤਾ ਜਾਵੇ'' (ਰਸੂਲਾਂ ਦੇ ਕੰਮ 10:47)।

ਤੀਤੁਸ 3:5 ਵਿਚ ਪੌਲੁਸ ਨੇ ਕਿਹਾ, ''ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ,'' ਜੋ ਕਿ ਆਇਤ 26 ਦੀ ਵਧੀਆ ਵਿਆਖਿਆ ਹੈ। ਮਸੀਹ ਦਾ ''*[ਕਲੀਸੀਆ]* ਨੂੰ ਜਲ ਦੇ ਅਸ਼ਨਾਨ ਤੋਂ ਪਾਣੀ ਨਾਲ ਸ਼ੁੱਧ'' ਕਰਨਾ ਖ਼ੁਦਾ ਦੇ ਸਾਨੂੰ '' ਨਵੇਂ ਜਨਮ ਦੇ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ'' ਬਚਾਉਣ ਵਰਗਾ ਹੀ ਹੈ। ਤੀਤੁਸ 3 ਦੇ ਸ਼ੰਦਰਭ ਤੋਂ ਪਤਾ ਲਗਦਾ ਹੈ ਕਿ ਮਨੁੱਖ ਜਾਤੀ ਦਾ ਬਚਾਇਆ ਜਾਣਾ ''ਧਰਮ ਦੇ

ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ, ਸਗੋਂ ਆਪਣੇ ਰਹਿਮ ਦੇ ਅਨੁਸਾਰ ... ਅਸੀਂ ਉਹ ਦੀ ਕਿਰਪਾ ਨਾਲ ਧਰਮੀ ਠਹਿਰਾ ਕੇ ਆਸ ਦੇ ਅਨੁਸਾਰ ਸਦੀਪਕ ਜੀਵਨ ਦੇ ਅਧਕਾਰੀ ਹੋਈਏ'' (5:5–7)। ਖ਼ੁਦਾ ਦੀ ਦਯਾ ਅਤੇ ਕਿਰਪਾ ਨਾਲ ਉਸ ਨੇ ਮਨੁੱਖ ਦਾ ਬਚਾਇਆ ਜਾਣਾ ਸੰਭਵ ਬਣਾਇਆ ਅਤੇ ਇਹ ਬਚਾਇਆ ਜਾਣਾ ਅਸਲ ਵਿਚ ''ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ'' ਮਨੁੱਖ ਨੂੰ ਮਿਲਿਆ ਜੋ ਇਸ ਦੇ ਯੋਗ ਨਹੀਂ ਸੀ।

ਅਲਗਜ਼ੈਂਡਰ ਕੈਂਪਬੈਲ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ''ਨਵੇਂ ਜਨਮ ਦਾ ਅਸ਼ਨਾਨ'' (2 ਕੁਰਿੰਥੀਆਂ 5:17) ਮਸੀਹੀ ਬਣਨ ਦਾ ਆਖ਼ਰੀ ਕਦਮ ਹੈ।[35] ਇਹ ਵਿਖਾਉਣ ਲਈ ਕਿ ਮੁੱਢਲੀ ਯੂਨਾਨੀ ਕਲੀਸੀਆ ਦੇ ਬਜ਼ੁਰਗ ਇਸ ਕੰਮ ਨੂੰ ਬਪਤਿਸਮਾ ਮੰਨਦੇ ਸਨ, ਉਸ ਨੇ ਇਤਿਹਾਸਕਾਰ ਯੂਸਬਿਉਸ ਦਾ ਹਵਾਲਾ ਦਿੱਤਾ।[36] ਜਿਆਦਾਤਰ ਵਿਆਖਿਆਕਾਰ ਇਸ ਨਾਲ ਸਹਿਮਤ ਹਨ। ਕੈਂਪਬੈਲ ਨੇ ਅੱਗੇ ਦਾਅਵਾ ਕੀਤਾ ਕਿ ''ਨਵੇਂ ਜਨਮ ਦਾ ਅਸ਼ਨਾਨ'' ''ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲਾਏ'' (ਇਬਰਾਨੀਆਂ 10:22) ਜਾਂ ''ਜਲ ਤੋਂ ਜਨਮ'' (ਯੂਹੰਨਾ 3:5) ਲੈਣਾ ਹੈ ਅਤੇ ਜਿਵੇਂ ਨੂਹ ਜਲ ਦੇ ਰਾਹੀਂ ਬਚਾਇਆ ਗਿਆ ਸੀ, ''ਬਪਤਿਸਮਾ ਹੁਣ *[ਸਾਨੂੰ]* ਬਚਾਉਂਦਾ ਹੈ'' (1 ਪਤਰਸ 3:21)। ਕੈਂਪਬੈਲ ਨੇ ਇਹ ਵੀ ਕਿਹਾ ਕਿ ''ਪਵਿੱਤਰ ਆਤਮਾ ਦੇ ਨਵੇਂ ਬਣਾਉਣ'' ਦੀ ਗੱਲ ਅਫ਼ਸੀਆਂ 5:26 ਵਿਚਲਾ ''ਬਾਣੀ ਨਾਲ ਸ਼ੁੱਧ'' ਕਰਨਾ ਹੀ ਹੈ, ''ਕਿਉਂ ਜੋ ਪਵਿੱਤਰ ਆਤਮਾ ਵਚਨ ਦੇ ਰਾਹੀਂ ਪਵਿੱਤਰ ਜਾਂ ਸ਼ੁੱਧ ਕਰਦਾ ਹੈ''[37] (ਯੂਹੰਨਾ 15:3)।

1 ਕੁਰਿੰਥੀਆਂ 6:11 ਵਿਚ ਪੌਲੁਸ ਨੇ ਕਿਹਾ ਕਿ ਕੁਰਿੰਥੁਸ ਦੇ ਲੋਕ ਉਵੇਂ ਹੀ ''ਧੋਤੇ ਗਏ'' ਅਤੇ ''ਪਵਿੱਤਰ ਕੀਤੇ ਗਏ,'' ਸਨ ਜਿਵੇਂ ਅਫ਼ਸੀਆਂ ਦੇ ਲੋਕਾਂ ਨੂੰ ਪਵਿੱਤਰ ਕੀਤਾ ਗਿਆ, ਸ਼ੁੱਧ ਕੀਤਾ ਗਿਆ ਅਤੇ ਨਲਾਇਆ ਗਿਆ ਸੀ। ਬੇਸ਼ੱਕ ਦੋਵੇਂ ਹੀ ਹਵਾਲੇ ''ਪਾਪਾਂ ਦੀ ਮਾਫ਼ੀ ਲਈ'' (ਰਸੂਲਾਂ ਦੇ ਕੰਮ 2:38), ''ਮਸੀਹ ਵਿਚ'' ਆਉਣ ਲਈ (ਰੋਮੀਆਂ 6:3; ਗਲਾਤੀਆਂ 3:27), ਅਤੇ ''ਇੱਕੋ ਦੇਹ ਵਿਚ ਆਉਣ ਲਈ'' (1 ਕੁਰਿੰਥੀਆਂ 12:13) ਪਾਣੀ ਵਿਚ ਬਪਤਿਸਮੇ ਨਾਲ ਜੁੜੇ ਹੋਏ ਹਨ। ਇਤਿਹਾਸ ਵਿਚ ਇਕ ਥਾਂ ਮਸੀਹ ਨੇ ਕਲੀਸੀਆ ਦੀ ਖ਼ਾਤਿਰ ਮਰਨ ਲਈ ਆਪਣੇ ਆਪ ਨੂੰ ਦੇ ਦਿੱਤਾ। ਉਸ ਦੀ ਕਲੀਸੀਆ ਦੇ ਹਰ ਮੈਂਬਰ ਲਈ ਇਕ ਸਮੇਂ ਪਾਪ ਤੋਂ ਅਤੇ ਆਪਣੇ ਆਪ ਤੋਂ ਮਰਨਾ, ਬਪਤਿਸਮੇ ਵਿਚ ਮਸੀਹ ਨੂੰ ਆਪਣੇ ਆਪ ਨੂੰ ਦੇਣਾ ਜ਼ਰੂਰੀ ਹੈ। ਫਿਰ ਉਸ ਨੂੰ ਨਵੀਂ ਜ਼ਿੰਦਗੀ ਲਈ ਜ਼ਿੰਦਾ ਕੀਤਾ ਜਾਂਦਾ ਹੈ (ਵੇਖੋ ਰੋਮੀਆਂ 6:4)। ਹਰ ਮਸੀਹੀ ਦੇ ਨਿੱਜੀ ਤੌਰ ਤੇ ਸ਼ੁੱਧ ਕੀਤੇ ਜਾਣ ਵਾਂਗ ਕਲੀਸੀਆ ਨੂੰ ਜੋ ਕਿ ਬਹੁਤ ਸਾਰੇ ਅੰਗਾਂ ਵਾਲੀ ਇਕ ਦੇਹ ਹੈ, ਸ਼ੁੱਧ ਕੀਤਾ ਜਾਂਦਾ ਹੈ।

## ਪ੍ਰਾਸੰਗਿਕਤਾ

**ਸਹੀ ਰਾਹ ਵਿਚ ਚੱਲਣਾ** (2:1-10; 4:1, 17; 5:2, 8, 15)

''ਚੱਲਣਾ'' ਜ਼ਿੰਦਗੀ ਜੀਣ ਦਾ ਇਕ ਅਲੰਕਾਰ ਹੈ। ਮਸੀਹੀ ਲੋਕਾਂ ਨੂੰ ਚੱਲਣ ਦੇ ਆਪਣੇ ਢੰਗ ਉੱਤੇ ਅਤੇ ਇਸ ਉੱਤੇ ਧਿਆਨ ਦੇਣਾ ਜ਼ਰੂਰੀ ਹੈ ਕਿ ਉਹ ਕਿਸ ਦੇ ਨਾਲ ਚੱਲਦੇ ਹਨ।

*ਅਸੀਂ ਸੰਸਾਰ ਦੇ ਅਨੁਸਾਰ ਨਾ ਚੱਲੀਏ* (2:2)। ਜਿਹੜੇ ਲੋਕ ਸੰਸਾਰ ਦੇ ਅਨੁਸਾਰ ਚੱਲਦੇ ਹਨ ਉਹ ਗੁਆਚੇ ਹੋਏ ਹਨ, ਕਿਉਂਕਿ ਉਹ ਇਸ ਥੋੜੀ ਦੇਰ ਦੇ ਸੰਸਾਰ ਦੇ ਹਨ, ਉਸ ਸੰਸਾਰ ਦੇ ਜਿਹੜਾ ਖ਼ੁਦਾ ਤੋਂ ਅਲਹਿਦਾ ਹੈ। ਉਹ ਉਸ ਰਾਜ ਦਾ ਭਾਗ ਹਨ ਜਿਹੜਾ ਖ਼ੁਦਾ ਦੇ ਰਾਜ ਦੇ ਵਿਰੋਧ ਵਿਚ ਹੈ।

*ਅਸੀਂ ਸ਼ੈਤਾਨ ਦੇ ਅਨੁਸਾਰ ਨਾ ਚੱਲੀਏ* (2:2)। ਗੁਆਚੀਆਂ ਹੋਈਆਂ ਰੂਹਾਂ ਦਾ ''ਹਵਾਈ ਇਖ਼ਤਿਆਰ ਦੇ ਸਰਦਾਰ'' ਅਤੇ ''ਉਸ ਰੂਹ ਦੇ ਅਨੁਸਾਰ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿਚ ਅਸਰ ਕਰਦੀ ਹੈ'' ਨਾਲ ਮਿਲੀਆਂ ਹੋਈਆਂ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ

ਬਗਾਵਤ ਦਾ ਕਬਜ਼ਾ ਹੈ।

*ਅਸੀਂ ਸਰੀਰ ਦੀਆਂ ਖ਼ਾਹਿਸ਼ਾਂ ਨਾਲ ਨਾ ਚੱਲੀਏ* (2:3)। ਗੁਆਚੇ ਹੋਏ ਲੋਕ ਉਸ ਢੰਗ ਦੇ ਉਲਟ ਜਿਹੜਾ ਖ਼ੁਦਾ ਚਾਹੁੰਦਾ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਹੋਵੇ, ਆਪਣੇ ਜਜ਼ਬਾਤਾਂ ਜਾਂ ਕਾਮਨਾਵਾਂ ਦੇ ਅਨੁਸਾਰ ਚੱਲਦੇ ਹਨ।

*ਅਸੀਂ ਗਜ਼ਬ ਦੇ ਪੁੱਤਰਾਂ ਵਾਂਗ ਨਾ ਚਲੀਏ* (2:3)। ਜਿਹੜੇ ਲੋਕ ਗੁਆਚੇ ਹੋਏ ਹਨ ਉਹ ਪਾਪ ਭਰੇ ''ਮਨੁੱਖੀ ਸੁਭਾਅ'' ਭਾਵ ਆਦਮ ਦੇ ਸੁਭਾਅ ਵਿਚ ਰਹਿੰਦੇ ਹਨ ਅਤੇ ਖ਼ੁਦਾ ਦੇ ਕ੍ਰੋਧ ਦੇ ਅਧੀਨ ਹਨ। ਰੋਮੀਆਂ 1:18 ਚਿਤਾਵਨੀ ਦਿੰਦਾ ਹੈ, ''ਜਿਹੜੇ ਮਨੁੱਖ ਸਚਿਆਈ ਨੂੰ ਕੁਧਰਮ ਨਾਲ ਦਬਾਈ ਰੱਖਦੇ ਹਨ ਉਨ੍ਹਾਂ ਦੀ ਸਾਰੀ ਬੇਦੀਨੀ ਅਤੇ ਕੁਧਰਮ ਉੱਤੇ ਪਰਮੇਸ਼ੁਰ ਦਾ ਕ੍ਰੋਧ ਤਾਂ ਅਕਾਸ਼ੋਂ ਪਰਗਟ ਹੋਇਆ।''

*ਅਸੀਂ ਜੋਗ ਚਾਲ ਚੱਲੀਏ* (4:1)। ਪੌਲੁਸ ਨੇ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਕਿ ''ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਜੋਗ ਚਾਲ ਚੱਲੋ।'' ਸਾਨੂੰ ਖ਼ੁਦਾ ਦੀ ਕਿਰਪਾ ਅਤੇ ਉਸ ਦੇ ਰਹਿਮ ਦੇ ਅਨੁਸਾਰ ਰਹਿਣ ਲਈ ਖ਼ੁਦਾ ਦੀ ਪਵਿੱਤਰ ਬੁਲਾਹਟ ਮਿਲੀ ਹੈ (ਵੇਖੋ 1 ਥੱਸਲੁਨੀਕੀਆਂ 2:12; 2 ਤਿਮੋਥਿਉਸ 1:9)। ਅਸੀਂ ਬੇਕਾਰ ਸੋਚ ਵਿਚ ਨਾ ਚੱਲੀਏ (4:17)। ਗੁਆਚੇ ਹੋਏ ਲੋਕ ਰੂਹਾਨੀ ਮਾਰਗਦਰਸ਼ਨ ਦੇ ਬਗੈਰ ਰਹਿ ਰਹੇ ਹਨ। ਮਸੀਹ ਦੀ ਦੀ ਜ਼ਿੰਦਗੀ ਮਕਸਦ ਨਾਲ ਭਰੀ ਹੋਈ ਸੀ ਅਤੇ ਜੇ ਅਸੀਂ ਉਸ ਦੇ ਨਮੂਨ ਦਾ ਪਾਲਣ ਕਰਦੇ ਹਾਂ ਤਾਂ ਅਸੀਂ ਮੁਬਾਰਕ ਹੋਵਾਂਗੇ (ਵੇਖੋ 1 ਪਤਰਸ 2:21; 3:9)।

*ਅਸੀਂ ਪ੍ਰੇਮ ਨਾਲ ਚੱਲੀਏ* (5:2)। ਖ਼ੁਦਾ ਮੁਹੱਬਤ ਹੈ (1 ਯੂਹੰਨਾ 4), ਅਤੇ ਸਾਡਾ ਸਭ ਤੋਂ ਵੱਡਾ ਮਕਸਦ ਆਪਣੇ ਸਾਰੇ ਦਿਲ, ਜਾਨ ਅਤੇ ਰੂਹ ਨਾਲ ਉਸ ਨੂੰ ਪਿਆਰ ਕਰਨਾ ਹੈ। ਇਸ ਤੋਂ ਇਲਾਵਾ ਸਾਡੇ ਲਈ ਦੂਜਿਆਂ ਨਾਲ ਉਵੇਂ ਹੀ ਪ੍ਰੇਮ ਰੱਖਣਾ ਜ਼ਰੂਰੀ ਹੈ ਜਿਵੇਂ ਅਸੀਂ ਆਪਣੇ ਆਪ ਨਾਲ ਰੱਖਦੇ ਹਾਂ (ਵੇਖੋ ਮੱਤੀ 22:37–39)।

*ਅਸੀਂ ਚਾਨਣ ਦੇ ਪੁੱਤਰਾਂ ਵਾਂਗ ਰਹੀਏ* (5:8)। ਹੁਣ ਅਸਾਂ ''ਹਨੇਰੇ'' ਵਿਚ ਨਹੀਂ ਚੱਲਣਾ, ਕਿਉਂ ਜੋ ਅਸੀਂ ਹੁਣ ''ਪ੍ਰਭੂ ਵਿਚ ਚਾਨਣ'' ਹਾਂ।

*ਅਸੀਂ ਬੁੱਧਵਾਨਾਂ ਵਾਂਗੂ ਚੱਲੀਏ* (5:15, 16)। ਸਾਨੂੰ ਚਾਹੀਦਾ ਹੈ ਕਿ ਜਦ ਅਜੇ ਅਸੀਂ ਸੇਵਾ ਕਰ ਸਕਦੇ ਹੋਈਏ ਆਪਣੇ ਦਿਨ ਪ੍ਰਭੂ ਦੀ ਸੇਵਾ ਕਰਦਿਆਂ ਕੱਟੀਏ (ਵੇਖੋ ਯੂਹੰਨਾ 9:4)।

ਜੇ ਲੌਕਹਰਟ

**ਆਤਮਾ ਨਾਲ ਭਰਪੂਰ ਜ਼ਿੰਦਗੀ (5:18-21)**

ਪੁਰਾਣੇ ਨੇਮ ਵਿਚ ਆਪਣੇ ਲੋਕਾਂ ਲਈ ਖ਼ੁਦਾ ਦੀ ਇਕ ਹੈਕਲ ਸੀ। ਨਵੇਂ ਨੇਮ ਵਿਚ ਆਪਣੇ ਲੋਕਾਂ ਲਈ ਖ਼ੁਦਾ ਦੀ ਇਕ ਹੈਕਲ ਹੈ। ਆਪਣੇ ਨਵੇਂ ਜਨਮ (ਬਪਤਿਸਮੇ) ਵੇਲੇ ਹਰ ਮਸੀਹੀ ਜੀਉਂਦੇ ਪਰਮੇਸ਼ੁਰ ਦੀ ਹੈਕਲ ਬਣ ਜਾਂਦਾ ਹੈ। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਆਖਿਆ ਸੀ, ''ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)। ਜੇ ਅਸੀਂ ਨਵਾਂ ਜਨਮ ਪਾ ਲਿਆ ਹੈ ਅਤੇ ਸਾਡੇ ਅੰਦਰ ਕੋਈ ਹੈ ਅਤੇ ਉਹ ਖ਼ੁਦਾ ਦਾ ਪਵਿੱਤਰ ਆਤਮਾ ਹੈ। ਇਹ ਇਲਾਹੀ ਪ੍ਰਕਿਰਿਆ ਸਿਰਫ਼ ਬਪਤਿਸਮੇ ਵੇਲੇ ਸ਼ੁਰੂ ਹੁੰਦੀ ਹੈ ਅਤੇ ਇਸ ਦੇ ਬਾਅਦ ਮਸੀਹੀ ਆਦਮੀ ਰੋਜ਼ ਖ਼ੁਦਾ ਦੇ ਆਤਮਾ ਨਾਲ ਰਹਿੰਦਾ ਹੈ।

ਪੌਲੁਸ ਨੇ ਅਫ਼ਸੀਆਂ ਨੂੰ ''ਆਤਮਾ ਨਾਲ ਭਰਪੂਰ'' ਹੋਣ ਦੀ ਸਲਾਹ ਦਿੱਤੀ (5:18)। ਇਹ ਕੋਈ ਬਦਲ ਨਹੀਂ ਬਲਕਿ ਇਕ ਹੁਕਮ ਹੈ। ਆਤਮਾ ਨਾਲ ਭਰਪੂਰ ਹੋਣ ਦਾ ਮਤਲਬ ਇਹ ਨਹੀਂ ਹੈ

ਕਿ ਜੇ ਅਸੀਂ ਅਤ-ਆਤਮਿਕ ਬਣਨਾ ਚਾਹੀਏ ਤਾਂ ਅਸੀਂ ਬਣ ਜਾਵਾਂਗੇ; ਬਲਕਿ ਨਵਾਂ ਜਨਮ ਪਾਏ ਹੋਏ ਖ਼ੁਦਾ ਦੇ ਹਰ ਬਾਲਕ ਦੀ ਇਹ ਜਿੰਮੇਵਾਰੀ ਹੈ ਕਿ ਉਹ ਪਵਿੱਤਰ ਆਤਮਾ ਨਾਲ ਭਰਪੂਰ ਹੋਵੇ। ਸਾਡੇ ਲਈ ਆਤਮਾ ਨਾਲ ਭਰਪੂਰ ਹੋਣਾ *ਜ਼ਰੂਰੀ* ਹੈ।

ਸਾਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਅਸੀਂ ਇਸ ਇਲਾਹੀ ਫ਼ਰਜ਼ ਨੂੰ ਪੂਰਾ ਕਰ ਰਹੇ ਹਾਂ? ਉਨ੍ਹਾਂ ਲੋਕਾਂ ਵਿਚ ਕੀ ਨਿਸ਼ਾਨ ਹੁੰਦੇ ਹਨ ਜਿਹੜੇ ਹੌਲੀ ਹੌਲੀ ਆਤਮਾ ਨਾਲ ਭਰਪੂਰ ਹੁੰਦੇ ਜਾ ਰਹੇ ਹਨ? ਆਇਤ 18 ਸਾਨੂੰ ਹੁਕਮ ਦਿੰਦੀ ਹੈ ਅਤੇ ਅਗਲੀਆਂ ਆਇਤਾਂ ਸਾਨੂੰ ਉਹ ਤਿੰਨ ਖੂਬੀਆਂ ਦੱਸਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਵਿਸ਼ਵਾਸੀ ਆਦਮੀ ਆਤਮਾ ਨਾਲ ਭਰਪੂਰ ਹੈ। ਮੂਲ ਯੂਨਾਨੀ ਲਿਖਤ ਵਿਚ ਉਨ੍ਹਾਂ ਦਾ ਸੰਕੇਤ ਕ੍ਰਿਦੰਤਾਂ ਦੇ ਰੂਪ ਵਿਚ ਭਾਵ ਸ਼ਬਦਾਂ ਦੇ ਰੂਪ ਵਿਚ ਦਿੱਤਾ ਗਿਆ ਹੈ ਜਿਹੜੇ ਲਗਾਤਾਰ ਕਿਰਿਆ ਦਾ ਸੰਕੇਤ ਦਿੰਦੇ ਹਨ।

ਆਤਮਾ ਨਾਲ ਭਰਪੂਰ ਜ਼ਿੰਦਗੀ ਦੀ ਪਛਾਣ ਦੇ ਤਿੰਨ ਨਿਸ਼ਾਨ ਕੀ ਹਨ?

*ਇਕ ਦੂਜੇ ਨੂੰ ਸਮਝਾਉਂਦੇ ਹੋਏ ''ਗੱਲਾਂ ਕਰਨਾ।''* ''ਅਤੇ ਜ਼ਬੂਰ ਅਤੇ ਭਜਨ ਅਤੇ ਆਤਮਕ ਗੀਤ ਗਾ ਕੇ ਇਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ'' (5:19)।

ਸਾਡੇ ਗਾਉਣ ਨਾਲ ਪ੍ਰਭੂ ਪਰਮੇਸ਼ੁਰ ਲਈ ਸਾਡੇ ਪਿਆਰ ਦਾ ਪਤਾ ਲਗਦਾ ਹੈ ਭਾਵ ਇਸ ਤੋਂ ਸਾਡਾ ਸਮਰਪਣ ਨਜ਼ਰ ਆਉਂਦਾ ਹੈ। ਇਹ ਆਨੰਦ ਭਰੀ ਬੰਦਗੀ ਦਾ ਹਿੱਸਾ ਹੈ। ਸਾਡਾ ਆਨੰਦ ਖ਼ੁਦਾ ਦੀ ਵਡਿਆਈ ਵਿਚ ਬਾਹਰ ਨੂੰ ਆਵੇਗਾ। ਸਾਡੇ ਮਨ ਸਾਡੇ ਛੁਡਾਉਣ ਵਾਲੇ ਖ਼ੁਦਾ ਦੀ ਤਾਰੀਫ਼ ਅਤੇ ਸ਼ੁਕਰਗੁਜ਼ਾਰੀ ਲਈ ਪੁਕਾਰਨਾ ਚਾਹੁੰਣਗੇ।

ਪੌਲੁਸ ਨੇ ਕਿਹਾ ਕਿ ਇਹ ''ਗੱਲਾਂ ਕਰਨਾ'' ''ਜ਼ਬੂਰ ਅਤੇ ਭਜਨ ਅਤੇ ਆਤਮਿਕ ਗੀਤ ਗਾ ਕੇ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ'' ਰਹਿ ਕੇ ਹੋਵੇਗਾ। ਸਾਨੂੰ ਇਨ੍ਹਾਂ ਸ਼ਬਦਾਂ ਵਿਚ ਫ਼ਰਕਾਂ ਉੱਤੇ ਐਨਾਂ ਜ਼ੋਰ ਨਹੀਂ ਦੇਣਾ ਚਾਹੀਦਾ ਭਾਵੇਂ ਇਨ੍ਹਾਂ ਵਿਚ ਥੋੜ੍ਹਾ ਬਹੁਤ ਫ਼ਰਕ ਹੋਣਾ ਜ਼ਰੂਰੀ ਹੈ। ''ਜ਼ਬੂਰ'' ਪੁਰਾਣੇ ਨੇਮ ਦੇ ਭਜਨਾਂ ਨੂੰ ਕਿਹਾ ਗਿਆ ਹੈ ਜੋ ਕਿ ਮੁੱਢਲੀ ਕਲੀਸੀਆ ਦੀ ਇੱਕੋ ਇਕ ਗੀਤਾਂ ਦੀ ਕਿਤਾਬ ਹੁੰਦੀ ਸੀ। ਖ਼ੁਦਾ ਦੀ ਤਾਰੀਫ਼ ਉਸ ਦੀ ਪ੍ਰੇਰਣਾ ਨਾਲ ਦਿੱਤੀ ਗਈ ਵਡਿਆਈ ਦੀ ਉਸ ਦੀ ਕਿਤਾਬ ਵਿੱਚੋਂ ਕਰਨ ਦਾ ਪੌਲੁਸ ਦਾ ਹੁਕਮ ਹੈ। ਦੁਖੀ ਹੋਈਏ ਜਾਂ ਖੁਸ਼, ਸਾਡਾ ਮੂਡ ਭਾਵੇਂ ਕਿਹੋ ਜਿਹਾ ਵੀ ਹੋਵੇ, ਅਸੀਂ ਕਿਸੇ ਪਰੇਸ਼ਾਨੀ ਵਿਚ ਹੋਈਏ, ਅਸੀਂ ਆਪਣੇ ਜਜ਼ਬਾਤਾਂ ਦਾ ਇਜ਼ਹਾਰ ਕਰਨ ਲਈ ਜ਼ਬੂਰ ਤਲਾਸ਼ ਸਕਦੇ ਹਾਂ।

''ਭਜਨ'' ਖ਼ੁਦਾ ਦੀ ਵਡਿਆਈ ਲਈ ਗਾਏ ਜਾਣ ਵਾਲੇ ਗੀਤ ਹਨ। ਭਜਨ ਖ਼ਾਸ ਤੌਰ ਤੇ ਮਸੀਹੀ ਉਪਜ ਹਨ ਜੋ ਕਿ ਯਹੂਦੀ ਧਰਮ ਤੋਂ ਕਲੀਸੀਆ ਵਿਚ ਆਏ ਹਨ।

''ਆਤਮਿਕ ਗੀਤ'' ਸ਼ਾਇਦ ਘੱਟ ਰਸਮੀ ਹੈ ਜਿਹੜੇ ਸਾਡੇ ਵਿਸ਼ਵਾਸ, ਆਨੰਦ ਅਤੇ ਸ਼ੁਕਰਗੁਜ਼ਾਰੀ ਨੂੰ ਵਿਖਾਉਂਦੇ ਹਨ। ਇਹ ਉਨ੍ਹਾਂ ਜ਼ਬੂਰਾਂ ਅਤੇ ਭਜਨਾਂ ਨਾਲੋਂ ਜਿਹੜੇ ਪੀੜ੍ਹੀ ਤੋਂ ਪੀੜ੍ਹੀ ਚੱਲਦੇ ਆ ਰਹੇ ਹਨ, ਬਹੁਤ ਨਿੱਜੀ ਹਨ।

ਸਾਡੇ ਲਈ ਦਿਲ ਤੋਂ ਗਾਉਣਾ ਅਤੇ ਪ੍ਰਭੂ ਅੱਗੇ ਦਿਲਾਂ ਦੇ ਸੁਰਾਂ ਨੂੰ ਲਿਆਉਣਾ ਜ਼ਰੂਰੀ ਹੈ। ਯੂਨਾਨੀ ਸ਼ਬਦ ਦੇ ਅਨੁਵਾਦ ''ਗਾਉਂਦੇ ਵਜਾਉਂਦੇ'' ਦਾ ਅਸਲ ਅਰਥ ਬੰਦਗੀ ਕਰਦੇ ਹੋਏ ਦਿਲ ਦੇ ਤਾਰਾਂ ਨੂੰ ਛੂਹਣਾ ਹੈ। ਖ਼ੁਦਾ ਦੀ ਸੱਚੇ ਦਿਲੋਂ ਵਡਿਆਈ ਲਈ ਦਿਲ ਸਾਨੂੰ ਦਿੱਤਾ ਗਿਆ ਸਾਜ ਹੈ।

ਬੰਦਗੀ ਲਈ ਸਾਡਾ ਇਰਾਦਾ ''ਪ੍ਰਭੂ ਲਈ'' ਸ਼ਬਦਾਂ ਵਿਚ ਮਿਲਦਾ ਹੈ। ਗਾਉਣਾ ਆਪਣੇ ਆਪ ਨੂੰ ਉੱਚਾ ਕਰਨ ਲਈ ਜਾਂ ਇਹ ਵੇਖਣ ਲਈ ਨਹੀਂ ਹੈ ਕਿ ਅਸੀਂ ਆਪਣੀ ਅਵਾਜ਼ ਨੂੰ ਕਿਸ ਹੱਦ ਤਕ ਖੂਬਸੂਰਤੀ ਨਾਲ ਮੋੜ ਸਕਦੇ ਹਾਂ। ਜ਼ਬੂਰਾਂ, ਭਜਨਾਂ ਅਤੇ ਆਤਮਿਕ ਗੀਤਾਂ ਵਿਚ ਗੱਲਾਂ ਕਰਨ ਦਾ ਸਾਡਾ ਮੁੱਖ ਟੀਚਾ ਆਪਣੇ ਛੁਡਾਉਣ ਵਾਲੇ ਨੂੰ ਆਦਰ ਦੇਣਾ ਅਤੇ ਉਸ ਨੂੰ ਮਹਿਮਾ ਕਰਨਾ ਹੈ।

*ਸ਼ੁਕਰਗੁਜ਼ਾਰੀ ਲਈ ਖ਼ੁਦਾ ਦਾ ''ਧਨਵਾਦ ਕਰਨਾ।''* ''ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ'' (5:20)।

ਜਿਵੇਂ ਗਾਉਣਾ ਇਹ ਵਿਖਾਉਂਦਾ ਹੈ ਕਿ ਖ਼ੁਦਾ ਨਾਲ ਸਾਡਾ ਕੀ ਸਬੰਧ ਹੈ ਉਵੇਂ ਹੀ ਸ਼ੁਕਰਗੁਜ਼ਾਰੀ ਕਰਨ ਤੋਂ ਪਤਾ ਲਗਦਾ ਹੈ ਕਿ ਅਸੀਂ ਆਪਣੇ ਹਾਲਾਤ ਨਾਲ ਕਿਵੇਂ ਨਜਿੱਠਦੇ ਹਾਂ। ਜਦ ਅਸੀਂ ਆਤਮਾ ਨਾਲ ਭਰਪੂਰ ਹੋਵਾਂਗੇ ਤਾਂ ਸਾਡੀ ਹਰ ਗੱਲ ਵਿਚ ਸ਼ੁਕਰਗੁਜ਼ਾਰੀ ਹੋਵੇਗੀ।

ਇਹ ਕਿਹੋ ਜਿਹੀ ਸ਼ੁਕਰਗਜ਼ਾਰੀ ਹੈ? ਇਹ ਸਹੀ ਦਿਸ਼ਾ ਵਿਚ ਕੀਤੀ ਗਈ ਸ਼ੁਕਰਗੁਜ਼ਾਰੀ ਹੈ: ''ਪਰਮੇਸ਼ੁਰ ਅਰਥਾਤ ਪਿਤਾ ਦਾ ਧੰਨਵਾਦ।'' ਜਿੱਥੇ ਕੁਝ ਲੋਕ ਇਹ ਆਖਦੇ ਹਨ ਕਿ ''ਅੱਜ ਮੇਰੀ ਕਿਸਮਤ ਚੰਗੀ ਸੀ,'' ਉੱਥੇ ਅਸੀਂ ਸਿਹਰਾ ਖ਼ੁਦਾ ਨੂੰ ਦਿੰਦੇ ਹਾਂ। ਸਾਨੂੰ ''ਸਦਾ ਧੰਨਵਾਦ'' ਕਰਦਿਆਂ ਰਹਿ ਕੇ ਸ਼ੁਕਰਗੁਜ਼ਾਰੀ ਕਰਨਾ ਜ਼ਰੂਰੀ ਹੈ।

ਪੌਲੁਸ ਨੇ ਅੱਗੇ ਆਖਿਆ, ''ਸਭਨਾਂ ਗੱਲਾਂ ਦੇ ਲਈ।'' ਅਸੀਂ ਆਪਣੀ ਜ਼ਿੰਦਗੀ ਵਿਚ ਆਉਣ ਵਾਲੀਆਂ ਚੰਗੀਆਂ ਚੰਗੀਆਂ ਗੱਲਾਂ ਲਈ ਖ਼ੁਦਾ ਦੀ ਸ਼ੁਕਰਗੁਜ਼ਰੀ ਬੜੀ ਅਸਾਨੀ ਨਾਲ ਕਰ ਸਕਦੇ ਹਾਂ। ਜ਼ਿੰਦਗੀ ਦੀਆਂ ਮੁਸ਼ਕਿਲਾਂ ਲਈ ਕੀ ਕੀਤਾ ਜਾਣਾ ਚਾਹੀਦਾ ਹੈ? ਹੋ ਸਕਦਾ ਹੈ ਕਿ ਸਾਨੂੰ ਸਮਝ ਨਾ ਆਵੇ ਕਿ ਉਹ ਮੁਸ਼ਕਿਲਾਂ ਸਾਡੇ ਉੱਤੇ ਕਿਉਂ ਆਉਂਦੀਆਂ ਹਨ, ਪਰ ਫਿਰ ਵੀ ਅਸੀਂ ਮੰਨ ਸਕਦੇ ਹਾਂ ਕਿ ਉਨ੍ਹਾਂ ਨਾਲ ਕਿਸੇ ਤਰ੍ਹਾਂ ਨਾਲ ਭਲਿਆਈ ਨਿੱਕਲ ਸਕਦੀ ਹੈ।

*ਖੌਫ਼ ਵਿਚ ਇਕ ਦੂਜੇ ਦੇ ਅਧੀਨ ਹੋਣਾ।* ''ਅਤੇ ਮਸੀਹ ਦੇ ਭੌ ਵਿਚ ਇਕ ਦੂਏ ਦੇ ਅਧੀਨ ਰਹੋ'' (5:21; NIV)।

''ਅਧੀਨ ਹੋਣਾ'' ਵਿਚ ਇਕ ਦੂਜੇ ਨਾਲ ਸਾਡੇ ਸਬੰਧ ਸ਼ਾਮਿਲ ਹਨ। ਪੌਲੁਸ ਦੇ ਲਿਖਣ ਵੇਲੇ ਇਸ ਸ਼ਬਦ ਦੀ ਫੌਜੀ ਅਰਥ ਵਿਚ ਕੀਤੀ ਜਾਂਦੀ ਸੀ। ਇਸ ਦਾ ਸ਼ਬਦੀ ਅਰਥ ਸੀ ਕਿ ਬਰਾਬਰ ਦੇ ਰੁਤਬੇ ਵਾਲਾ ਆਦਮੀ ਆਪਣੇ ਬਰਾਬਰ ਦੇ ਦੂਜੇ ਆਦਮੀ ਦੇ ਅਧੀਨ ਹੁੰਦਾ ਹੈ। ਇਸ ਵਿਚ ਛੋਟੇ ਹੋਣ ਦਾ ਕੋਈ ਸੰਕੇਤ ਨਹੀਂ ਸੀ। ਪਰਮੇਸ਼ੁਰ ਪੁੱਤਰ ਪਰਮੇਸ਼ੁਰ ਪਿਤਾ ਦੇ ਅਧੀਨ ਹੋ ਗਿਆ। ਉਹ ਪੂਰੀ ਤਰ੍ਹਾਂ ਨਾਲ ਪਰਮੇਸ਼ੁਰ ਪਿਤਾ ਦੇ ਬਰਾਬਰ ਸੀ ਪਰ ਆਪਣੀ ਮਰਜ਼ੀ ਨਾਲ ਉਹ ਅਧੀਨ ਹੋ ਗਿਆ।

ਪਤਨੀਆਂ ਨੂੰ ਆਪੋ ਆਪਣੇ ਪਤੀਆਂ ਦੇ ਅਧੀਨ ਹੋਣਾ ਜ਼ਰੂਰੀ ਹੈ। ਪਰ ਇਹ ਸਿਰਫ਼ ਨਿਯਮ ਦਾ ਵਿਖਾਵਾ ਹੈ। ਅਧੀਨ ਹੋਣ ਦੀ ਗੱਲ ਸਿਰਫ਼ ਉਨ੍ਹਾਂ ਨੂੰ ਹੀ ਨਹੀਂ ਕਹੀ ਗਈ। ਅਧੀਨਤਾ ਹਰ ਮਸੀਹੀ ਲਈ ਜ਼ਰੂਰੀ ਹੈ। ਜਿੰਨਾਂ ਅਸੀਂ ਹਲੀਮੀ ਨਾਲ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾਂ ਦੇ ਅਧੀਨ ਹੋਵਾਂਗੇ, ਓਨਾਂ ਹੀ ਸਾਨੂੰ ਆਤਮਾ ਨਾਲ ਭਰਪੂਰ ਕੀਤਾ ਜਾਵੇਗਾ। ਕੁਝ ਭਾਈ ਆਪਣੀ ਮਸੀਹੀ ਜ਼ਿੰਦਗੀ ਵਿਚ ਪਿੱਛੇ ਹਟ ਜਾਂਦੇ ਹਨ ਕਿਉਂ ਜੋ ਉਹ ਆਪਣੇ ਹੱਕਾਂ ਲਈ ਲੜ ਰਹੇ ਹੁੰਦੇ ਹਨ। ਜਦ ਤਕ ਕੋਈ ਆਪਣੇ ਹੱਕਾਂ ਦੀ ਮੰਗ ਕਰਦਾ ਰਹਿੰਦਾ ਹੈ ਤਦ ਤਕ ਉਹ ਆਤਮਾ ਦੇ ਕੰਟਰੋਲ ਵਿਚ ਨਹੀਂ ਆ ਸਕਦਾ (ਵੇਖੋ ਗਲਾਤੀਆਂ 2:20)। ਮਰੇ ਹੋਏ ਆਦਮੀ ਨੂੰ ਕੀ ਹੱਕ ਹੁੰਦਾ ਹੈ?

ਮਸੀਹੀ ਆਦਮੀ ਆਪਣੇ ਆਪ ਨੂੰ ਕਿਸੇ ਦੂਜੇ ਮਸੀਹੀ ਦੇ ਇਖ਼ਤਿਆਰ ਹੇਠ ਕਿਉਂ ਕਰੇ? ਉਹ ਦੀ ਸੇਵਾ ਕਰਨ ਲਈ। ਕੁਝ ਲੋਕ ਆਤਮਾ ਨਾਲ ਭਰਪੂਰ ਹੋਣ ਦੇ ਚਾਹਵਾਨ ਤਾਂ ਹੁੰਦੇ ਹਨ ਪਰ ਯਿਸੂ ਦੇ ਨਾਂਅ ਵਿਚ ਕਿਸੇ ਹੋਰ ਦੀ ਮਦਦ ਕਰਨ ਦੀ ਪਰੇਸ਼ਾਨੀ ਨਹੀਂ ਲੈਣਾ ਚਾਹੁੰਦੇ। ਪੌਲੁਸ ਨੇ ਕਿਹਾ, ''ਕਿਉਂ ਜੋ ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪ੍ਰਚਾਰ ਕਰਦੇ ਹਾਂ ਭਈ ਉਹ ਪ੍ਰਭੂ ਹੈ ਅਤੇ ਅਸੀਂ ਆਪ ਯਿਸੂ ਦੇ ਨਮਿੱਤ ਤੁਹਾਡੇ ਦਾਸ ਹਾਂ'' (2 ਕੁਰਿੰਥੀਆਂ 4:5)। ਸਾਡੇ ਲਈ ਇਕ ਦੂਜੇ ਦੀ ਸੇਵਾ ਕਰਨੀ ਜ਼ਰੂਰੀ ਹੈ।

ਪੌਲੁਸ ਨੇ ਕਿਹਾ, ''ਮਸੀਹ ਦੇ ਭੌ ਵਿਚ ਇਕ ਦੂਏ ਦੇ ਅਧੀਨ ਰਹੋ'' (NIV)। ਅਸੀਂ ਯਿਸੂ ਦੀ ਖ਼ਾਤਿਰ ਇਕ ਦੂਜੇ ਦੇ ਅਧੀਨ ਹੁੰਦੇ ਹਾਂ। ਉਸ ਨੇ ਦੂਜਿਆ ਦੀ ਸੇਵਾ ਕੀਤੀ, ਨਮੂਨਾਂ ਵੀ ਠਹਿਰਾ ਦਿੱਤਾ। ਉਸ ਦੇ ਆਤਮਾ ਨਾਲ ਭਰਪੂਰ ਹੋਣ ਲਈ ਉਹ ਦੇ ਵਰਗਾ ਬਣਨਾ ਜ਼ਰੂਰੀ ਹੈ।

*ਸਾਰ।* ਜਦ ਅਸੀਂ ਆਤਮਾ ਨਾਲ ਭਰਪੂਰ ਹੁੰਦੇ ਹਾਂ ਤਾਂ ਸੰਸਾਰ ਵੇਖਦਾ ਹੈ ਕਿ ਸਾਡੇ ਉੱਤੇ ਕਿਹ ਦਾ ਕਬਜ਼ਾ ਹੈ ਅਤੇ ਅਸੀਂ ਕਿਸ ਦੇ ਵੱਸ ਵਿਚ ਹਾਂ। ਅਸੀਂ ਉਨ੍ਹਾਂ ਨੂੰ ਆਪਣੀ ਗੱਲਬਾਤ, ਸ਼ੁਕਰਗੁਜ਼ਾਰੀ ਕਰਨ ਅਤੇ ਅਧੀਨ ਹੋਣ ਦੇ ਰਾਹੀਂ ਇਸ ਨੂੰ ਵਿਖਾ ਸਕਦੇ ਹਾਂ।

**ਸਾਡਾ ਸ਼ੁਕਰਗੁਜ਼ਾਰੀ ਕਰਨਾ** (5:20)

5:20 ਨੂੰ ਪੜ੍ਹਦਿਆਂ ਸਾਨੂੰ ਆਪਣੀ ਸੁਕਰਗੁਜ਼ਾਰੀ ਵਿਚ ਹਰ ਗੱਲ ਵਿਚ ਅਗਵਾਈ ਵੇਖਣ ਨੂੰ ਮਿਲਦੀ ਹੈ:

ਦਿਸ਼ਾ ਵਿਚ ਸਹੀ: ''... *ਪਰਮੇਸ਼ੁਰ ਅਰਥਾਤ ਪਿਤਾ ਦਾ* ਸਦਾ ਧੰਨਵਾਦ ਕਰੋ।''

ਸਮੇਂ ਵਿਚ ਲਗਾਤਾਰ: ''*ਸਦਾ* ਧੰਨਵਾਦ ਕਰੋ।''

ਆਯਾਮ ਵਿਚ ਪੂਰਾ: ''... *ਸਭਨਾਂ ਗੱਲਾਂ* ਦੇ ਲਈ''

**ਵਧਾਇਆ ਗਿਆ ਵਿਆਹ** (5:21-33)

ਐਨੇ ਸਾਰੇ ਵਿਆਹਾਂ ਵਿਚ ਪਰੇਸ਼ਾਨੀ ਕਿਉਂ ਹੈ? ਵਿਆਹੇ ਰਹਿਣ ਵਾਲਿਆਂ ਵਿਚ ਜੋੜਿਆਂ ਦੀ ਇਕ ਹੈਰਾਨ ਕਰਨ ਵਾਲੀ ਫ਼ੀਸਦੀ ਆਪਣੇ ਵਿਆਹ ਨੂੰ ''ਖੁਸ਼ਹਾਲ'' ਕਿਉਂ ਨਹੀਂ ਮੰਨਦੀ? ਆਪਣੀਆਂ ਜ਼ਿੰਦਗੀਆਂ ਨੂੰ ਵੰਡਣ ਲਈ ਆਦਮੀਆਂ ਅਤੇ ਔਰਤਾਂ ਲਈ ਖ਼ੁਦਾ ਨੇ ਅਜਿਹੀ ਯੋਜਨਾ ਤਾਂ ਨਹੀਂ ਬਣਾਈ ਸੀ। ਉਹ ਹਰ ਵਿਆਹ ਵਿਚ ਇਕ ਅਜਿਹਾ ਮਾਹੌਲ ਬਣਾਉਣ ਦਾ ਚਾਹਵਾਨ ਜਿਸ ਵਿਚ ਪਤੀ ਅਤੇ ਪਤਨੀ ਖੁਸ਼ ਹੋਣ। ਅਤੇ ਜਿੱਥੋਂ ਤਕ ਹੋ ਸਕੇ ਬੇਹਤਰੀਨ ਮਸੀਹੀ ਬਣ ਸਕਣ।

5:21–33 ਵਿਚ ਪੌਲੁਸ ਨੇ ਕੁਝ ਗੱਲਾਂ ਦੱਸੀਆਂ ਜਿਨ੍ਹਾਂ ਤੋਂ ਆਪਣੇ ਸਾਥੀ ਨਾਲ ਖੁਸ਼ਹਾਲ ਸਬੰਧ ਬਣਾਉਣ ਵਿਚ ਹਰ ਕਿਸੇ ਨੂੰ ਮਦਦ ਮਿਲ ਸਕਦੀ ਹੈ। ਪਤਨੀ ਦੇ ਸਿਰ ਦੇ ਰੂਪ ਵਿਚ ਪਤੀ ਲਈ ਖ਼ੁਦਾ ਦੀ ਯੋਜਨਾ ਪਿਆਰਾ ਆਗੂ ਬਣਨ ਦੀ ਹੈ। ਅਤੇ ਪਤਨੀ ਲਈ ਉਸ ਦਾ ਤਰੀਕਾ ਵਫ਼ਦਾਰੀ ਨਾਲ ਉਸ ਦੇ ਮਗਰ ਚੱਲਣ ਦਾ ਹੈ।

*ਪਤੀਆਂ ਲਈ ਖ਼ੁਦਾ ਦਾ ਸਿਰ ਹੋਣਾ।*

(1) ਪਤੀ ਸਿਰ ਹੈ (5:23)। ਪਤਨੀ ਦੀ ਅਧੀਨਤਾ ਦੀ ਗੱਲ ਕਰਦਿਆਂ ਪੌਲੁਸ ਨੇ ਪਤਨੀ ਦੇ ਪਤੀ ਦੇ ਕਬਜ਼ੇ ਵਿਚ ਹੋਣ ਦੀ ਕੋਈ ਗੱਲ ਨਹੀਂ ਕੀਤੀ। ਉਸ ਨੇ ਇਹ ਕਿਤੇ ਨਹੀਂ ਲਿਖਿਆ ਕਿ ''ਹੇ ਪਤੀਓ ਆਪੋ ਆਪਣੀਆਂ ਪਤਨੀਆਂ ਤੋਂ ਹੁਕਮ ਮੰਨਵਾਓ!'' ਉਨ੍ਹਾਂ ਉੱਤੇ ਇਖ਼ਤਿਆਰ ਰੱਖੋ। ਪੌਲੁਸ ਨੇ ਇਸ ਨਾਲ ਦੂਰ ਤਕ ਮੇਲ ਖਾਂਦੀ ਗੱਲ ਵੀ ਨਹੀਂ ਕੀਤੀ।

ਪਤੀ ਲਈ ਪਤਨੀ ਦਾ ਸਿਰ ਹੋਣ ਤੋਂ ਕੀ ਭਾਵ ਹੈ? ਉਸ ਨੂੰ ਅਗਵਾਈ ਕਰਨ ਵਾਲਾ ਹੋਣਾ ਚਾਹੀਦਾ ਹੈ। ਕੋਈ ਵੀ ਪਤੀ ਜਿਹੜਾ ਪਰਿਵਾਰ ਵਿਚ ਆਪਣੀ ਸਥਿਤੀ ਨੂੰ ਸਹੀ ਢੰਗ ਨਾਲ ਨਹੀਂ ਸਮਝਦਾ ਹੈ, ਪਰੇਸ਼ਾਨੀ ਵਿਚ ਹੀ ਪਵੇਗਾ। ਜਿਹੜਾ ਪਤੀ ਅਧੀਨਤਾ ਵਿਚ ਆਪਣੀ ਪਤਨੀ ਨੂੰ ਧਮਕਾਉਣ ਕੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਇਹ ਜਾਣਨ ਦੀ ਲੋੜ ਹੈ ਕਿ ਮਸੀਹ ਨੇ ਆਪਣੀ ਪਤਨੀ ਅਰਥਾਤ ਕਲੀਸੀਆ ਨੂੰ ਅਧੀਨਤਾ ਵਿਚ ਕਿਵੇਂ ਲਿਆਂਦਾ। ਉਸ ਨੇ ਕਲੀਸੀਆ ਨਾਲ ਪ੍ਰੇਮ ਕਰਕੇ ਅਤੇ ਕਲੀਸੀਆ ਲਈ ਮਰ ਕੇ ਇਸ ਨੂੰ ਆਪਣੇ ਅਧੀਨ ਕੀਤਾ ਨਾ ਕਿ ਹੁਕਮ ਦੇ ਕੇ। ਜਿਹੜਾ ਪਤੀ ਆਪਣੀ ਪਤਨੀ ਨਾਲ ਵਿਆਹ ਨੂੰ ਵਧਾਉਣਾ ਚਾਹੁੰਦਾ ਹੈ ਉਸ ਨੂੰ ਮਸੀਹ ਦੇ ਨਮੂਨੇ ਦਾ ਪਾਲਣ ਕਰਨਾ ਪਵੇਗਾ।

ਘਰ ਵਿਚ ਪਤੀ ਦੇ ਹੱਕ ਸੜਕ ਉੱਤੇ ਉਸ ਦੇ ਹੱਕਾਂ ਨਾਲ ਬਹੁਤ ਮੇਲ ਖਾਂਦੇ ਹਨ। ਉਦਾਹਰਣ ਲਈ ਕਈ ਵਾਰ ਉਸ ਨੂੰ ਗੱਡੀ ਚਲਾਉਂਦਿਆਂ ਰਾਹ ਨਹੀਂ ਮੰਗਣਾ ਚਾਹੀਦਾ। ਚੌਰਾਹੇ ਤੇ ਭਾਵੇਂ ਬੱਤੀ ਇਹ ਇਸ਼ਾਰਾ ਕਰ ਰਹੀ ਹੋਵੇ ਕਿ ਹੁਣ ਚੱਲਣ ਦੀ ਵਾਰੀ ਉਸ ਦੀ ਹੈ ਪਰ ਇਸ ਪਾਸਿਓਂ ਇਕ ਵੱਡਾ ਜਿਹਾ ਟਰਕ ਆ ਜਾਵੇ ਜਿਸ ਦੇ ਰੁਕਣ ਦਾ ਕੋਈ ਇਸ਼ਾਰਾ ਨਾ ਲੱਗ ਰਿਹਾ ਹੋਵੇ ਤਾਂ ਉਹ ਆਪਣੇ ਹੱਕ

ਦੀ ਵਰਤੋਂ ਕਰਨ ਦੀ ਮੰਗ ਨਹੀਂ ਕਰੇਗਾ!

ਕਈ ਪਤੀ ਆਪਣੇ ਹੱਕਾਂ ਲਈ ਡਟ ਜਾਣ ਵਿਚ ਗਲਤ ਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੁੰਦਾ ਹੈ ਕਿ ਉਨ੍ਹਾਂ ਨੂੰ ਹੱਕ ਹੈ, ਉਹ ਮਰਦ ਹਨ ਅਤੇ ਉਨ੍ਹਾਂ ਨੂੰ ਆਪਣੀ ਮਰਜ਼ੀ ਮਨਵਾ ਕੇ ਹੱਕ ਲੈਣਾ ਚਾਹੀਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦੇ ਵਿਆਹ ਟੁਟ ਜਾਂਦੇ ਹਨ। ਘਰ ਵਿਚ ਖ਼ੁਦਾ ਵੱਲੋਂ ਪਤੀ ਨੂੰ ਦਿੱਤਾ ਗਿਆ ਰੁਤਬਾ ਤਾਨਾਸ਼ਾਹ ਬਣਨ ਦਾ ਨਹੀਂ ਬਲਕਿ ਪ੍ਰੇਮ ਕਰਨ ਵਾਲੇ ਆਗੂ ਬਣਨ ਦਾ ਹੈ।

(2) ਪਤੀ ਉਵੇਂ ਹੀ ਸਿਰ ਹੈ ਜਿਵੇਂ ਮਸੀਹ ਸਿਰ ਹੈ (5:23)। ਤਾਨਾਸ਼ਾਹ ਹੋਏ ਬਗੈਰ ਪਤੀ ਆਪਣੇ ਘਰ ਦੀ ਅਗਵਾਈ ਕਿਵੇਂ ਕਰੇ? ''ਜਿਵੇਂ ਮਸੀਹ'' ਕਲੀਸੀਆ ਦੀ ਅਗਵਾਈ ਕਰਦਾ ਹੈ। ਛੋਟੇ ਜਿਹੇ ਸ਼ਬਦ ''ਜਿਵੇਂ'' ਨੂੰ ਨਜ਼ਰਅੰਦਾਜ਼ ਨਾ ਕਰੋ। ਕੁੰਜੀ ਇਹੀ ਹੈ। ਜਿਹੜਾ ਪਤੀ ਆਪਣੇ ਘਰ ਦਾ ਇੰਚਾਰਜ ਹੈ ਉਹ ਆਪਣੀ ਪਤਨੀ ਨੂੰ ''ਅਧੀਨ'' ਹੋਣ ਦੀ ਗੱਲ ਕਹਿੰਦਿਆਂ ਬਾਈਬਲ ਦੀ ਲਠ ਦੀ ਵਰਤੋਂ ਨਾ ਕਰੇ।

ਭਲਾ ਯਿਸੂ ਨੇ ਆਪਣੀ ਪਤਨੀ ਨੂੰ ਕਦੇ ਅਧੀਨ ਹੋਣ ਲਈ ਜ਼ਬਰਦਸਤੀ ਕੀਤੀ ਹੈ? ਜੇ ਉਸ ਨੇ ਕੀਤੀ ਹੁੰਦੀ ਤਾਂ ਕਲੀਸੀਆ ਯਕੀਨਨ ਹੀ ਫ਼ਰਕ ਹੁੰਦੀ। ਸਚ ਤਾਂ ਇਹ ਹੈ ਕਿ ਕਲੀਸੀਆ ਦੇ ਬਹੁਤ ਸਾਰੇ ਲੋਕ ਉਸ ਦੇ ਅਧੀਨ ਨਹੀਂ ਹਨ। ਯਿਸੂ ਆਪਣੀ ਲਾੜੀ ਦੀ ਅਗਵਾਈ ਕਿਵੇਂ ਕਰਦਾ ਹੈ। ਉਹ ਉਹਦੇ ਅੱਗੇ ਮਿੰਨਤ ਕਰਦਾ ਹੈ ਅਤੇ ਉਹ ਦੇ ਲਈ ਮਰ ਗਿਆ; ਉਹ ਉਸ ਨਾਲ ਪਿਆਰ ਕਰਦਾ ਹੈ। 5:24 ਦੇ ਅਨੁਸਾਰ ਜਿਵੇਂ ਕਲੀਸੀਆ ਮਸੀਹ ਦੇ ਅਧੀਨ ਹੈ, ਪਤਨੀ ਵਾਸਤੇ ਹਰ ਗੱਲ ਵਿਚ ਆਪਣੇ ਪਤੀ ਦੇ ਅਧੀਨ ਹੋਣਾ ਜ਼ਰੂਰੀ ਹੈ। ਇਹ ਤਦੇ ਸੰਭਵ ਹੈ ਜਦ ਪਤੀ ਆਪਣੀ ਲਾੜੀ ਦੀ ਅਗਵਾਈ ਲਈ ਆਪਣੀ ਕਲੀਸੀਆ ਦੇ ਅਗਵਾਈ ਦੇ ਯਿਸੂ ਦੇ ਨਮੂਨੇ ਨੂੰ ਮੰਨਦਾ ਹੈ।

(3) ਪਤੀ ਉਵੇਂ ਹੀ ਪ੍ਰੇਮ ਕਰੇ ਜਿਵੇਂ ਮਸੀਹ ਨੇ ਕੀਤਾ ਹੈ (5:25)।

*ਨਿਰਸੁਆਰਥ ਪ੍ਰੇਮ।* ਮਸੀਹ ਨੇ ਆਪਣੀ ਲਾੜੀ ਕਲੀਸੀਆ ਨਾਲ ਕਿਵੇਂ ਪ੍ਰੇਮ ਕੀਤਾ? ਉਸ ਨੇ ਉਸ ਨਾਲ *ਨਿਰਸੁਆਰਥ ਪ੍ਰੇਮ* ਕੀਤਾ, ਕਿਉਂ ਜੋ ਉਸ ਨੇ ਉਹ ਦੇ ਲਈ ਆਪਣੇ ਆਪ ਨੂੰ ਦੇ ਦਿੱਤਾ। ਮਸੀਹ ਨੇ ਪਹਿਲਾਂ ਉਸ ਉੱਤੇ ਆਪਣੀਆਂ ਇੱਛਾਵਾਂ ਅਤੇ ਲੋੜਾਂ ਨੂੰ ਮੜ੍ਹਿਆ ਨਹੀਂ। ਜੇ ਮੜ੍ਹਿਆ ਹੁੰਦਾ ਤਾਂ ਉਹ ਜਲਾਲ ਦੀਆਂ ਸੁਨਹਿਰੀ ਗਲੀਆਂ ਨੂੰ ਛੱਡ ਕੇ ਨਾ ਆਉਂਦਾ। ਇਸ ਦੇ ਉਲਟ ਯਿਸੂ ਨੇ ਆਪਣੀ ਲਾੜੀ ਦੀਆਂ ਲੋੜਾਂ ਨੂੰ ਤਰਜ਼ੀਹ ਦਿੱਤੀ। ਉਸ ਨੇ ਆਪਣੇ ਨਿਰਸੁਆਰਥ ਪ੍ਰੇਮ ਨੂੰ ਬੇਹਤਰੀਨ ਢੰਗ ਨਾਲ ਵਿਖਾਇਆ ਜਦ ਉਸ ਨੇ ਆਖਿਆ, ''ਕਿਉਂਕਿ ਮਨੁੱਖ ਦਾ ਪੁੱਤਰ ਵੀ ਆਖਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਲਈ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮਰਕੁਸ 10:45)।

ਜਦ ਕੋਈ ਆਦਮੀ ਵਿਆਹ ਕਰਦਾ ਹੈ ਤਾਂ ਉਹ ਆਪਣੀਆਂ ਲੋੜਾਂ ਉੱਤੇ ਧਿਆਨ ਦੇਣ ਦੇ ਹੱਕ ਨੂੰ ਛੱਡ ਦਿੰਦਾ ਹੈ। ਉਸ ਦਾ ਵਿਆਹ ਆਪਣੀ ਪਤਨੀ ਨਾਲ ਹੋਇਆ ਹੈ ਅਤੇ ਉਹ ਉਹ ਦੇ ਨਾਲ ਇਕ ਤਨ ਹੈ। ਹੁਣ ਉਹ ਜਿਵੇਂ ਚਾਹੇ ਆਪਣੀ ਮਰਜ਼ੀ ਨਾਲ ਫੈਸਲਾ ਨਹੀਂ ਲੈ ਸਕਦਾ। ਮਸੀਹ ਨੇ ਆਪਣੇ ਆਪ ਨੂੰ ਕਲੀਸੀਆ ਲਈ ਦੇ ਦਿੱਤਾ ਅਤੇ ਪਤੀ ਲਈ ਆਪਣੇ ਆਪ ਨੂੰ ਆਪਣੀ ਪਤਨੀ ਲਈ ਦੇਣਾ ਜ਼ਰੂਰੀ ਹੈ। ਉਸ ਦੀ ਭਲਿਆਈ ਉਸ ਦੇ ਹਰ ਫੈਸਲੇ ਦਾ ਅਧਾਰ ਹੋਣੀ ਚਾਹੀਦੀ ਹੈ। ਉਸ ਨੂੰ ਉਸ ਨਾਲ ਨਿਰਸੁਆਰਥ ਪ੍ਰੇਮ ਕਰਨਾ ਜ਼ਰੂਰੀ ਹੈ।

*ਕੁਰਬਾਨੀ ਭਰਿਆ ਪ੍ਰੇਮ।* ਪਤੀ ਲਈ ਆਪਨੀ ਪਤਨੀ ਨਾਲ *ਕੁਰਬਾਨੀ ਭਰਿਆ* ਪ੍ਰੇਮ ਕਰਨਾ ਜ਼ਰੂਰੀ ਹੈ ਕਿਉਂ ਜੋ ਬਾਈਬਲ ਦੱਸਦੀ ਹੈ ਕਿ ਮਸੀਹ ਕਲੀਸੀਆ ਦੀ ਖ਼ਾਤਿਰ ਮਰ ਗਿਆ। ਅਜਿਹਾ ਉਸ ਨੇ ਸਚਮੁਚ ਵਿਚ, ਹਕੀਕਤ ਵਿਚ ਅਤੇ ਬਿਲਕੁਲ ਕੀਤਾ। ਪਤੀ ਆਪਣੀ ਪਤਨੀ ਨਾਲ ਉਂਵੇਂ ਪ੍ਰੇਮ ਨਹੀਂ ਕਰਦਾ ਹੈ ਜਿਵੇਂ ਯਿਸੂ ਨੇ ਆਪਣੀ ਲਾੜੀ ਨਾਲ ਕੀਤਾ ਜਦ ਤਕ ਲਈ ਉਹ ਉਹਦੇ ਲਈ ''ਮਰਿਆ'' ਹੀਂ। ਉਸ ਦੇ ਲਈ ਆਪਣੇ ਆਪ ਤੋਂ ਮਰਨਾ ਜ਼ਰੂਰੀ ਹੈ। ਉਸ ਨੂੰ ਆਪਣੇ ਤਰੀਕੇ ਤੇ

ਜ਼ੋਰ ਦੇਣ ਤੋਂ ਮਰਨਾ ਚਾਹੀਦਾ ਹੈ।

ਯਿਸੂ ਮਰਿਆ ਹੀ ਨਹੀਂ ਬਲਕਿ ਕਲੀਸੀਆ ਦੇ ਕਲੀਸੀਆ ਬਣਨ ਤੋਂ ਪਹਿਲਾਂ ਮੈਂਬਰਾਂ ਲਈ ਆਪਣੇ ਆਪ ਤੋਂ ਮਰਨਾ ਅਤੇ ਮਸੀਹ ਲਈ ਜ਼ਿੰਦਾ ਹੋਣਾ ਜ਼ਰੂਰੀ ਸੀ। ਬਹੁਤ ਸਾਰੇ ਘਰਾਂ ਵਿਚ ਕਿਸ ਗੱਲ ਦੀ ਸਭ ਤੋਂ ਵੱਧ ਲੋੜ ਹੈ? ਉਨ੍ਹਾਂ ਨੂੰ ਦੋ ਜਨਾਜਿਆਂ ਅਤੇ ਇਕ ਨਿਕਾਹ ਦੀ ਲੋੜ ਹੈ! ਪਤਨੀ ਆਪਣੇ ਆਪ ਤੋਂ ਮਰ ਜਾਂਦੀ ਹੈ; ਪਤੀ ਆਪਣੇ ਆਪ ਤੋਂ ਮਰ ਜਾਂਦਾ ਹੈ। ਪਤੀ ਕੁਰਬਾਨੀ ਭਰੇ ਢੰਗ ਨਾਲ ਆਪਣੀ ਪਤਨੀ ਨਾਲ ਪ੍ਰੇਮ ਕਰਨ ਲਈ ਤਿਆਰ ਹੈ। ਉਹ ਕਹਿੰਦਾ ਹੈ, ''ਆਪਣੀ ਪਤਨੀ ਲਈ ਛੱਡ ਦੇਣ ਵਾਸਤੇ ਮੇਰੇ ਲਈ ਕੋਈ ਵੀ ਚੀਜ਼ ਐਨੀ ਕੀਮਤੀ ਨਹੀਂ ਹੈ!''

*ਪਵਿੱਤਰ ਕਰਨ ਵਾਲਾ ਪ੍ਰੇਮ।* ਹੋਰ ਵੀ ਬਹੁਤ ਕੁਝ ਹੈ। ਯਿਸੂ ਨੇ ਆਪਣੀ ਲਾੜੀ ਨਾਲ *ਪਵਿੱਤਰ ਕਰਨ ਵਾਲੇ ਪ੍ਰੇਮ ਨਾਲ* ਪ੍ਰੇਮ ਕੀਤਾ। ''ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ। ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸੀਆ ਤਿਆਰ ਕਰੇ ਜਿਹ ਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ'' (5:26, 27)।

ਮਸੀਹ ਕੀ ਕਰਨ ਲਈ ਕੰਮ ਕਰ ਰਿਹਾ ਹੈ। ਆਪਣੀ ਲਾੜੀ ਨੂੰ ਪਵਿੱਤਰ ਕਰਨ ਅਤੇ ਖੂਬਸੂਰਤ ਬਣਾਉਣ ਲਈ। ਆਤਮਾ ਨਾਲ ਭਰਪੂਰ ਪਤੀ ਜਿਹੜਾ ਪ੍ਰੇਮ ਕਰਨ ਵਾਲਾ ਆਗੂ ਬਣਨਾ ਚਾਹੁੰਦਾ ਹੈ। ਕੀ ਕੰਮ ਕਰਨ ਦਾ ਚਾਹਵਾਨ ਹੈ?

ਆਪਣੀ ਪਤਨੀ ਨੂੰ ਬੇਹੱਦ ਖੂਬਸੂਰਤ ਵਿਅਕਤੀ ਬਣਾਉਣਾ। ਪਤੀ ਲਈ ਆਪਣੀ ਪਤਨੀ ਦੀ ਅਗਵਾਈ ਕਰਦਿਆਂ, ਉਸ ਨੂੰ ਸਿਖਾਉਂਦਿਆਂ ਅਤੇ ਰੂਹਾਨੀ ਤੌਰ ਤੇ ਉਸ ਦੀ ਰਖਵਾਲੀ ਕਰਨਾ ਜ਼ਰੂਰੀ ਹੈ। ਉਹ ਉਸ ਨੂੰ ਕਦੇ ਅਜਿਹੀ ਹਾਲਤ ਵਿਚ ਨਹੀਂ ਪਾਵੇਗਾ ਜਿਸ ਨਾਲ ਉਹ ਬਹਿਸ ਕਰਨ ਲਈ ਉਕਸਾਵੇ ਵਿਚ ਆਵੇ ਜਾਂ ਗੁੱਸੇ ਵਿਚ ਆ ਕੇ ਪਾਪ ਕਰੇ। ਉਹ ਉਸ ਨੂੰ ਗੰਦਾ ਕਰਨ ਲਈ ਕੁਝ ਨਹੀਂ ਕਰੇਗਾ। ਉਹ ਉਸ ਨੂੰ ਕਿਸੇ ਵੀ ਅਜਿਹੀ ਚੀਜ਼ ਵਿਚ ਨਹੀਂ ਲਿਆਵੇਗਾ ਜਿਸ ਨਾਲ ਉਸ ਦੀ ਜ਼ਿੰਦਗੀ ਵਿਚ ਅਸ਼ੁੱਧਤਾ ਆ ਜਾਵੇ। ਉਹ ਆਪਣੀ ਪਤਨੀ ਨਾਲ ਪਵਿੱਤਰ ਕਰਨ ਵਾਲੇ ਪ੍ਰੇਮ ਨਾਲ ਪ੍ਰੇਮ ਕਰਦਾ ਹੈ।

*ਸੰਤੁਸ਼ਟ ਕਰਨ ਵਾਲਾ ਪ੍ਰੇਮ।* ਉਸ ਲਈ ਆਪਣੀ ਪਤਨੀ ਨਾਲ *ਸੰਤੁਸ਼ਟ ਕਰਨ ਵਾਲੇ* ਪ੍ਰੇਮ ਨਾਲ ਪ੍ਰੇਮ ਕਰਨਾ ਵੀ ਜ਼ਰੂਰੀ ਹੈ: ''ਇਸੇ ਤਰ੍ਹਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ'' (5:28)।

ਆਦਮੀ ਆਪਣੇ ਸਰੀਰ ਨਾਲ ਕੀ ਕਰਦਾ ਹੈ? ਉਹ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦ ਉਸ ਨੂੰ ਪਿਆਸ ਲਗਦੀ ਹੈ ਤਾਂ ਉਹ ਪਾਣੀ ਪੀਂਦਾ ਹੈ। ਜਦ ਉਸ ਨੂੰ ਭੁੱਖ ਲਗਦੀ ਹੈ ਤਾਂ ਉਹ ਖਾਣਾ ਖਾਂਦਾ ਹੈ। ਜਦ ਉਸ ਨੂੰ ਸੱਟ ਲਗਦੀ ਹੈ ਤਾਂ ਉਹ ਮੱਲਮ ਪੱਟੀ ਕਰਦਾ ਹੈ। ਪਤੀ ਆਪਣੀ ਪਤਨੀ ਨਾਲ ਇਵੇਂ ਹੀ ਪ੍ਰੇਮ ਕਰਨਾ ਚਾਹੀਦਾ ਹੈ। ਉਹ ਉਸ ਦੀਆਂ ਲੋੜਾਂ ਨੂੰ ਜਾਣ ਲੈਂਦਾ ਅਤੇ ਫਿਰ ਉਨ੍ਹਾਂ ਲੋੜਾਂ ਨੂੰ ਪੂਰਾ ਕਰਕੇ ਉਸ ਨੂੰ ਸੰਤੁਸ਼ਟ ਕਰਦਾ ਹੈ। ਬਹੁਤ ਘੱਟ ਪਤਨੀਆਂ ਹੋਣਗੀਆਂ ਜਿਹੜੀਆਂ ਅਜਿਹਾ ਕਰਨ ਵਾਲੇ ਪਤੀ ਦੇ ਅਧੀਨ ਹੋ ਕੇ ਉਸ ਦਾ ਵਿਰੋਧ ਕਰਨਗੀਆਂ, ਜਿਸ ਦਾ ਪੂਰਾ ਵਿਆਹ ਆਪਣੀ ਪਤਨੀ ਦੀ ਲੋੜ ਨੂੰ ਪੂਰਾ ਕਰਨ ਤੇ ਟਿਕਿਆ ਹੈ।

ਕੁਝ ਵਿਆਹਾਂ ਵਿਚ ਦਿੱਕਤ ਇਹ ਹੈ ਕਿ ਪਤੀ ਆਪਣੀ ਪਤਨੀ ਨੂੰ ਆਪਣੀ ਦੇਹ ਦੇ ਵਿਸਤਾਰ ਦੇ ਰੂਪ ਵਿਚ ਨਹੀਂ ਬਲਕਿ ਜਾਇਦਾਦ ਦੇ ਰੂਪ ਵਿਚ ਵੇਖਦਾ ਹੈ। ਜਦ ਉਸ ਦਾ ਸਮਾਨ ਪੁਰਾਣਾ ਹੋ ਜਾਂਦਾ ਹੈ ਤਾਂ ਉਹ ਕੁਝ ਨਵਾਂ ਲਿਆਉਣਾ ਚਾਹੁੰਦਾ ਹੈ। ਇਸ ਦੇ ਉਲਟ ਮਸੀਹੀ ਪਤੀ ਆਪਣੀ ਪਤਨੀ ਦੇ ਨਾਲ ਬੁੱਢਾ ਹੁੰਦਾ ਹੈ, ਉਹ ਉਸ ਦੀ ਵੱਧ ਰਹੀ ਅੰਦਰੂਨੀ ਖੂਬਸੂਰਤੀ ਨੂੰ ਵੇਖਦਾ ਹੈ ਅਤੇ ਉਸ

ਨਾਲ ਪਹਿਲਾਂ ਨਾਲੋਂ ਵੀ ਵੱਧ ਪ੍ਰੇਮ ਕਰਦਾ ਹੈ ਅਤੇ ਉਸ ਦੀ ਪਰਵਾਹ ਕਰਦਾ ਹੈ। ਆਪਣੀ ਪਤਨੀ ਦੀਆਂ ਲੋੜਾਂ ਨੂੰ ਪੂਰਾ ਨਾ ਕਰਨ ਵਾਲਾ ਪਤੀ ਰੂਹਾਨੀ ਆਤਮਘਾਤ ਕਰਦਾ ਹੈ ਕਿਉਂ ਜੋ ਉਹ ਉਸ ਦੇ ਨਾਲ ਇਕ ਤਨ ਹੈ।

*ਇਕ ਸਰਵੋਤਮ ਪ੍ਰੇਮ।* ਅਖ਼ੀਰ ਵਿਚ ਵਿਆਹ ਵਿਚ ਆਪਣੀ ਪਤਨੀ ਨਾਲ *ਸਭ ਤੋਂ ਵੱਧ ਪ੍ਰੇਮ ਕਰਨਾ ਚਾਹੀਦਾ ਹੈ:* ''ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇਕ ਸਰੀਰ ਹੋਣਗੇ'' (5:31)।

ਆਦਮੀ ਦਾ ਵਿਆਹ ਹੋਰ ਸਾਰੇ ਦੁਨਿਆਵੀ ਰਿਸ਼ਤਿਆਂ ਨਾਲੋਂ ਪਹਿਲਾਂ ਆਉਣਾ ਚਾਹੀਦਾ ਹੈ। ਪਤੀ ਅਤੇ ਉਸ ਦੀ ਪਤਨੀ ਵਿਚਕਾਰ ਸਬੰਧ ਦੀ ਤੁਲਨਾ ਪੌਲੁਸ ਨੇ ਮਸੀਹ ਅਤੇ ਕਲੀਸੀਆ ਨਾਲ ਕੀਤੀ ਹੈ ਜਿਹੜਾ ਆਤਮਿਕ ਸਬੰਧਾਂ ਵਿਚ ਸਭ ਤੋਂ ਉੱਪਰ ਹੈ। ਸਭ ਤੋਂ ਵੱਡਾ ਇਨਸਾਨੀ ਰਿਸ਼ਤਾ ਮਾਂ ਅਤੇ ਉਸ ਦੇ ਬੱਚਿਆ ਵਿਚ ਨਹੀਂ ਬਲਕਿ ਪਤੀ ਅਤੇ ਉਸ ਦੀ ਪਤਨੀ ਵਿਚਲਾ ਹੈ।

*ਪਤਨੀਆਂ ਲਈ ਖ਼ੁਦਾ ਦਾ ਤਰੀਕਾ*

(1) ਲੋੜ: ''ਹੇ ਪਤਨੀਓ, ਤੁਸੀਂ ਆਪਣਿਆਂ ਪਤੀਆਂ ਦੇ ਅਧੀਨ ਹੋਵੋ...'' (5:22)। ''ਅਧੀਨ ਹੋਵੇ'' ਦਾ ਮਤਲਬ ਆਪਣੇ ਆਪ ਨੂੰ ਸਵੈ ਇੱਛਾ ਨਾਲ ਕਿਸੇ ਦੂਜੇ ਦੇ ਇਖ਼ਤਿਆਰ ਵਿਚ ਕਰ ਦੇਣਾ ਹੈ। ਜੇ ਪਤਨੀ ਦੁਨਿਆਵੀ ਸੋਚ ਵਾਲੀ ਹੈ ਤਾਂ ਉਹ ਆਪਣੇ ਪਤੀ ਦੇ ਅਧੀਨ ਹੋਣ ਦੇ ਇਸ ਨਿਯਮ ਦਾ ਵਿਰੋਧ ਕਰੇਗੀ। ਜਿੰਨਾਂ ਉਹ ਸੰਸਾਰ ਵਾਂਗੂ ਸੋਚੇਗੀ ਉਨਾਂ ਹੀ ਅਧੀਨ ਹੋਣ ਤੋਂ ਇਨਕਾਰ ਕਰੇਗੀ।

ਆਤਮਾ ਨਾਲ ਭਰਪੂਰ ਆਦਮੀ ਉਨ੍ਹਾਂ ਲੋਕਾਂ ਦੇ ਅਧੀਨ ਹੋਣ ਲਈ ਤਿਆਰ ਹੈ ਜਿਨ੍ਹਾਂ ਨੂੰ ਖ਼ੁਦਾ ਨੇ ਇਖ਼ਤਿਆਰ ਦਾ ਰੁਤਬਾ ਦਿੱਤਾ ਹੈ। ਆਇਤ 21 ਕਹਿੰਦੀ ਹੈ, ''ਮਸੀਹ ਦੇ ਭੌ ਵਿਚ ਇਕ ਦੂਏ ਦੇ ਅਧੀਨ ਰਹੋ।'' ਅਧੀਨਤਾ ਸਿਰਫ਼ ਔਰਤਾਂ ਲਈ ਹੀ ਨਹੀਂ ਬਲਕਿ ਹਰ ਮਸੀਹੀ ਵਾਸਤੇ ਹੈ। ਬਾਈਬਲ ਕਹਿੰਦੀ ਹੈ ਕਿ ਘਰ ਵਿਚ ਪਤਨੀ ਆਪਣੇ ਪਤੀ ਦੇ ਅਧੀਨ ਰਹੇ।

ਸ਼ੇਕਸਪੀਅਰ ਨੇ ਲਿਖਿਆ ਸੀ, ''ਜੇ ਦੋ ਜਣੇ ਘੋੜੇ ਤੇ ਸਵਾਰ ਹੋਣ ਤਾਂ ਇਕ ਨੂੰ ਪਿੱਛੇ ਬੈਠਣਾ ਹੀ ਪੈਂਦਾ ਹੈ।''[38] ਇਸ ਨਾਲ ਘੁੜਸਵਾਰ ਛੋਟਾ ਨਹੀਂ ਹੋ ਜਾਂਦਾ ਬਲਕਿ ਇਹ ਤਾਂ ਵਿਹਾਰਕ ਜ਼ਰੂਰਤ ਹੈ। ਇਸੇ ਤਰ੍ਹਾਂ ਘਰ ਵਿਚ ਇਹ ਨਾਬਰਾਬਰੀ ਛੋਟੇ ਹੋਣ ਦੀ ਨਹੀਂ ਬਲਕਿ ਵਿਹਾਰਕ ਲੋੜ ਹੈ। ਪਰ ਖ਼ੁਦਾ ਨੇ ਠਹਿਰਾਇਆ ਹੈ ਕਿ ਪਤਨੀ ''ਪਿੱਛੇ ਬੈਠੇ।''

ਪਤਨੀਆਂ ਜੇ ਵਿਖਾਵੇ ਲਈ ਅਧੀਨ ਹੁੰਦੀਆਂ ਹਨ ਤਾਂ ਉਹ ਆਪਣੇ ਪਤੀਆਂ ਦੇ ਅਧੀਨ ਨਹੀਂ ਹਨ। ਬਾਈਬਲ ਦੇ ਮੁਤਾਬਿਕ ਅਧੀਨਤਾ ਲਈ ਬਾਹਰੀ ਰੂਪ ਅਤੇ ਅੰਦਰੂਨੀ ਵਿਹਾਰ ਦੋਵੇਂ ਸ਼ਾਮਿਲ ਹਨ। ਖ਼ੁਦਾ ਦੀ ਸ਼ਰਤ ਨੂੰ ਇਹੀ ਗੱਲ ਪੂਰਾ ਕਰਦੀ ਹੈ।

(2) ਕਾਰਣ: ''ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਣਾਉਣ ਵਾਲਾ ਹੈ'' (5:23)। ਖ਼ੁਦਾ ਨੇ ਪਤਨੀ ਲਈ ਆਪਣੇ ਘਰ ਵਿਚ ਅਜਿਹੀ ਸ਼ਰਤ ਕਿਉਂ ਠਹਿਰਾਈ? ਪਤੀ ਦੇ ਅਧੀਨ ਹੋਣ ਦਾ ਕਾਰਣ ਇਹ ਹੈ ਕਿ ਖ਼ੁਦਾ ਨੇ ਪਤੀ ਨੂੰ ਪਤਨੀ ਦਾ ਸਿਰ ਹੋਣ ਲਈ ਚੁਣਿਆ ਹੈ (ਵੇਖੋ ਉਤਪਤ 3:16)। ਇਹ ਸਜ਼ਾ ਦੇਣ ਲਈ ਨਹੀਂ ਹੈ ਬਲਕਿ ਇਸ ਦਾ ਇਕ ਮਕਸਦ ਹੈ। ਆਪਣੀ ਵੱਡੀ ਸਮਝ ਵਿਚ ਖ਼ੁਦਾ ਨੂੰ ਪਤਾ ਸੀ ਕਿ ਕਿਸੇ ਤਰ੍ਹਾਂ ਦੀ ਤਰਤੀਬ ਦੇ ਬਗੈਰ ਜੇ ਉਹ ਸਮਾਜ ਵਿਚ ਹੋਵੇ, ਸਰਕਾਰ ਵਿਚ ਜਾਂ ਘਰ ਵਿਚ, ਬਹੁਤ ਛੇਤੀ ਉਥਲ ਪੁਥਲ ਮਚ ਜਾਵੇਗੀ। ਦੋ ਬਾਲਕਾਂ ਵਾਲਾ ਘਰ ਆਪਣੇ ਹੀ ਵਿਰੋਧ ਵਿਚ ਹੋ ਕੇ ਵੰਡਿਆ ਜਾਵੇਗਾ ਜਿਸ ਨਾਲ ਅਖ਼ੀਰ ਉਹ ਬਰਬਾਦ ਹੋ ਜਾਵੇਗਾ। ਖ਼ੁਦਾ ਨੇ ਪਤੀ ਨੂੰ ਘਰ ਦਾ ਸਿਰ ਹੋਣ ਲਈ ਚੁਣਿਆ। ਪੌਲੁਸ ਨੇ ਲਿਖਿਆ, ''ਪਰ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ ਭਈ ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤ੍ਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ'' (1 ਕੁਰਿੰਥੀਆਂ 11:3)। ਇਹ ਖ਼ੁਦਾ ਦੀ ਹੁਕਮ ਦੀ ਲੜੀ ਹੈ।

ਪਰਮੇਸ਼ੁਰ ਪੁੱਤਰ ਪਰਮੇਸ਼ੁਰ ਪਿਤਾ ਦੇ ਤੁਲ ਹੈ। ਫ਼ਿਲਿੱਪੀਆਂ 2:5–7 ਕਹਿੰਦਾ ਹੈ, ''ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ। ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ...।'' ਖ਼ੁਦਾ ਦਾ ਪੁੱਤਰ ਸਵੈ ਇੱਛਾ ਨਾਲ ਪਰਮੇਸ਼ੁਰ ਪਿਤਾ ਦੇ ਅਧੀਨ ਹੋ ਗਿਆ, ਕਿਸੇ ਨਾਬਰਾਬਰੀ ਕਰਕੇ ਨਹੀਂ ਬਲਕਿ ਇਸ ਕਰਕੇ ਕਿਉਂਕਿ ਮਨੁੱਖ ਜਾਤੀ ਦੇ ਸਫ਼ਲ ਛੁਟਕਾਰੇ ਲਈ ਖ਼ੁਦਾ ਦੇ ਹੁਕਮ ਦੀ ਲੜੀ ਵਿਚ ਇਹ ਜ਼ਰੂਰੀ ਸੀ।

ਜਿਹੜੀ ਪਤਨੀ ਆਪਣੇ ਪਤੀ ਦੇ ਅਧੀਨ ਨਹੀਂ ਹੁੰਦੀ ਉਹਨੂੰ ਜ਼ਿੰਦਗੀ ਵਿਚ ਬਹੁਤ ਸਾਰੀਆਂ ਪਰੇਸ਼ਾਨੀਆਂ ਆਉਣਗੀਆਂ। ਪਹਿਲਾਂ ਤਾਂ ਉਸ ਨੂੰ ਖ਼ੁਦਾ ਨਾਲ ਹੀ ਬੇਹੱਦ ਗੰਭੀਰ ਮੁਸ਼ਕਿਲ ਹੋਵੇਗੀ। ਜਦ ਕੋਈ ਪਤਨੀ ਆਪਣੇ ਪਤੀ ਦੀ ਅਗਵਾਈ ਨੂੰ ਮੰਨਣ ਤੋਂ ਨਾਹ ਕਰ ਦਿੰਦੀ ਹੈ ਤਾਂ ਉਸ ਦੀ ਅਸਲ ਮੁਸ਼ਕਿਲ ਉਸ ਦੇ ਪਤੀ ਨਾਲ ਨਹੀਂ ਹੈ। ਅਸਲ ਦਿੱਕਤ ਖ਼ੁਦਾ ਨਾਲ ਹੈ ਜਿਸ ਨੇ ਉਸ ਨੂੰ ਅਧੀਨ ਹੋਣ ਲਈ ਕਿਹਾ ਹੈ। ਇਸ ਕਰਕੇ ਉਸ ਨੂੰ ਰੂਹਾਨੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ ਜਿਵੇਂ ਦੁਆਈਆ ਜ਼ਿੰਦਗੀ ਵਿਚ ਮੁਸ਼ਕਿਲਾਂ, ਬਾਈਬਲ ਅਧਿਐਨ ਵਿਚ ਮੁਸ਼ਕਿਲਾਂ ਅਤੇ ਪਰਮੇਸ਼ੁਰ ਪਿਤਾ ਨਾਲ ਆਪਣੇ ਆਪ ਨੂੰ ਜੋੜਨ ਵਿਚ ਮੁਸ਼ਕਿਲ।

ਅਧੀਨ ਨਾ ਹੋਣ ਵਾਲੀ ਪਤਨੀ ਨੂੰ ਆਪਣੇ *ਪਤੀ* ਨਾਲ ਵੀ ਪਰੇਸ਼ਾਨੀਆਂ ਆਉਣਗੀਆਂ। ਜਦ ਕੋਈ ਪਤਨੀ ਆਪਣੇ ਪਤੀ ਦੇ ਇਖ਼ਤਿਆਰ ਦਾ ਆਦਰ ਕਰਨ ਤੋਂ ਨਾਹ ਕਰ ਦਿੰਦੀ ਹੈ ਤਾਂ ਉਹ ਉਸ ਨੂੰ ਮੁਕੱਮਲ ਕਰਨ ਵਾਲੀ ਨਾ ਹੋ ਕੇ ਉਸ ਨੂੰ ਅਪਾਹਿਜ਼ ਬਣਾਉਣ ਵਾਲੀ ਹੋ ਜਾਂਦੀ ਹੈ। ਉਹ ਘਰ ਵਿਚ ਆਗੂ ਦੀ ਖ਼ੁਦਾ ਵੱਲੋਂ ਦਿੱਤੀ ਉਸ ਦੀ ਭੂਮਿਕਾ ਨੂੰ ਨਿਭਾਉਣ ਦੀ ਆਪਣੇ ਪਤੀ ਦੀ ਇੱਛਾ ਨੂੰ ਪੂਰਾ ਕਰਨ ਵਿਚ ਰੁਕਾਵਟ ਬਣਦੀ ਹੈ। ਜੇ ਉਹ ਨਾ ਮੰਨੇ ਤਾਂ ਪਤੀ ਅਗਵਾਈ ਨਹੀਂ ਕਰ ਸਕਦਾ।

ਉਸ ਦੇ *ਬੱਚੇ* ਵੀ ਉਸ ਨੂੰ ਪਰੇਸ਼ਾਨੀਆਂ ਦੇਣਗੇ। ਜਿਹੜੀ ਪਤਨੀ ਆਪਣੇ ਪਤੀ ਦੇ ਸਿਰ ਹੋਣ ਨੂੰ ਮੰਨਣ ਤੋਂ ਇਨਕਾਰ ਕਰਦੀ ਹੈ ਉਸ ਨੂੰ ਆਪਣੇ ਬੱਚਿਆਂ ਤੋਂ ਕਦੇ ਸਹੀ ਇਜ਼ਤ ਨਹੀਂ ਮਿਲੇਗੀ। ਬਾਈਬਲ ਦੱਸਦੀ ਹੈ ਕਿ ਬੱਚੇ ਆਪਣੇ ਮਾਪਿਆਂ ਦੇ ਫ਼ਰਮਾਬਰਦਾਰ ਹੋਣ। ਪਰ ਉਹ ਕਿਸ ਤਰ੍ਹਾਂ ਦੀ ਮਾਂ ਦੇ ਫ਼ਰਮਾਦਾਰ ਹੋਣ? ਬੱਚੇ ਆਤਮਾ ਨਾਲ ਭਰਪੂਰ ਮਾਂ ਦੇ ਫ਼ਰਮਾਬਦਾਰ ਹੋਣਗੇ ਜਿਹੜੀ ਆਤਮਾ ਨਾਲ ਭਰਪੂਰ ਆਪਣੇ ਪਤੀ ਦੇ ਅਧੀਨ ਹੈ। ਜੇ ਮਾਂ ਬਾਗੀ ਹੈ ਅਤੇ ਬੁਰੀ ਤਰ੍ਹਾਂ ਨਾਲ ਅਜ਼ਾਦ ਹੈ ਤਾਂ ਉਸ ਦੇ ਬੱਚੇ ਵੇਖਣਗੇ ਅਤੇ ਹੋ ਸਕਦਾ ਹੈ ਕਿ ਉਹ ਵੀ ਉਹਦੇ ਨਾਲ ਉਵੇਂ ਹੀ ਕਰਨ। ਉਹ ਉਨ੍ਹਾਂ ਨੂੰ ਉਹ ਕਰਨ ਲਈ ਨਹੀਂ ਕਹਿ ਸਕਦੀ ਜੋ ਉਸ ਨੇ ਆਪ ਨਹੀਂ ਕੀਤਾ।

ਅਜਿਹੀ ਪਤਨੀ ਨੂੰ *ਆਪਣੇ* ਨਾਲ ਵੀ ਮੁਸ਼ਕਿਲਾਂ ਆਉਣਗੀਆਂ ਕਿ ਉਹ ਖ਼ੁਦਾ ਵੱਲੋਂ ਦਿੱਤੀ ਆਪਣੀ ਭੂਮਿਕਾ ਦੀ ਬਗਾਵਤ ਕਰ ਰਹੀ ਹੈ। ਇਸ ਤੱਥ ਦੀ ਜਾਣਕਾਰੀ ਪਰਛਾਵੇਂ ਵਾਂਗ ਉਹ ਦਾ ਪਿੱਛਾ ਕਰਦੀ ਰਹੇਗੀ। ਇਸ ਤੋਂ ਛੁੱਟ ਪਤਨੀ ਦੀਆਂ ਕੁਝ ਲੋੜਾਂ ਹੁੰਦੀਆਂ ਹਨ ਜਿਹੜੀਆਂ ਪੂਰੀ ਤਰ੍ਹਾਂ ਨਾਲ ਤਦ ਤਕ ਪੂਰੀਆਂ ਨਹੀਂ ਹੋ ਸਕਦੀਆਂ ਜਦ ਤਕ ਉਹ ਆਪਣੇ ਪਤੀ ਦੀ ਅਗਵਾਈ ਦੀ ਅਧੀਨਤਾ ਵਿਚ ਹੋ ਕੇ ਉਸ ਨੂੰ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਖੁੱਲ੍ਹ ਨਹੀਂ ਦਿੰਦੀ।

(3) ਨਤੀਜੇ: ''ਪਰ ਤਾਂ ਵੀ ਜਿਸ ਪ੍ਰਕਾਰ ਕਲੀਸੀਆ ਮਸੀਹ ਦੇ ਅਧੀਨ ਹੈ ਇਸੇ ਪ੍ਰਕਾਰ ਪਤਨੀਆਂ ਭੀ ਹਰ ਗੱਲ ਵਿਚ ਆਪਣਿਆਂ ਪਤੀਆਂ ਦੇ ਅਧੀਨ ਹੋਣ'' (5:24)। ਬਹੁਤ ਸਾਰੀਆਂ ਔਰਤਾਂ ਪੌਲੁਸ ਦੀਆਂ ਇਨ੍ਹਾਂ ਹਦਾਇਤਾਂ ਤੇ ਚਿੜ ਜਾਂਦੀਆਂ ਹਨ। ਅਜਿਹਾ ਵਿਹਾਰ ਕਰਨ ਵਾਲੇ ਵਿਅਕਤੀ ਨੇ ਜ਼ਿੰਦਗੀ ਦੇ ਵੱਡੇ ਸਿੱਧਾਂਤ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ ਕਿ ਅਧੀਨ ਹੋਣਾ ਕਿਸੇ ਦੀ ਅਜ਼ਾਦੀ ਨੂੰ ਖੋਹ ਨਹੀਂ ਲੈਂਦਾ ਬਲਕਿ ਇਸ ਨਾਲ ਉਸ ਨੂੰ ਅਸਲ ਅਜ਼ਾਦੀ ਮਿਲਦੀ ਹੈ। ਜੇ ਪਤੀ ਬੇਵਿਸ਼ਵਾਸਾ ਹੋਵੇ, ਜਾਂ ਖੁੱਲੇਆਮ ਖੁਦਾ ਦੀਆਂ ਸਿੱਖਿਆਵਾਂ ਦਾ ਉਲੰਘਣ ਕਰਦਾ ਹੋਵੇ? ਭਲਾ ''ਹਰ ਗੱਲ ਵਿਚ'' ਅਧੀਨ ਹੋਣ ਵਿਚ ਇਹ ਗੱਲ ਵੀ ਸ਼ਾਮਿਲ ਹੈ? ਇਕ ਅਸਾਨ ਜਿਹਾ ਨਿਯਮ ਹੈ: ਕਿ

ਪਤਨੀ ਹਰ ਗੱਲ ਵਿਚ *ਤਦੇ* ਅਧੀਨ ਹੋਵੇ *ਜੇ* ਇਹ ਖ਼ੁਦਾ ਦੀ ਇੱਛਾ ਦਾ ਉਲੰਘਣ ਨਾ ਕਰਦੀ ਹੋਵੇ। ਹੁਕਮ ਪਤੀ ਦੇ ਨਿਯਮਾਂ ਨਾਲ ਉਸ ਦੀ ਸਹਿਮਤੀ ਤੇ ਨਿਰਭਰ ਹੋਣ ਦਾ ਨਹੀਂ ਹੈ; ਇਹ ਸਿਰਫ਼ ਉਸੇ ਗੱਲ ਵਿਚ ਅਧੀਨ ਹੋਣ ਦੀ ਗੱਲ ਨਹੀਂ ਹੈ ਕਿ ਜੇ ਉਹ ਜੋ ਕੁਝ ਉਸ ਨੂੰ ਕਰਨ ਲਈ ਕਹਿੰਦਾ ਹੈ ਉਸ ਨੂੰ ਪਸੰਦ ਹੋਵੇ। ਆਪਣੇ ਪਤੀ ਦੇ ਅਧੀਨ ਹੋਣ ਦੀ ਜ਼ਿੰਮੇਵਾਰੀ ਤੋਂ ਛੋਟ ਉਸ ਨੂੰ ਸਿਰਫ਼ ਇਸੇ ਨਿਯਮ ਵਿਚ ਮਿਲਦੀ ਹੈ ਕਿ ਜੇ ਉਹ ਉਸ ਨੂੰ ਕੋਈ ਅਜਿਹਾ ਕੰਮ ਕਰਨ ਲਈ ਕਹੇ ਜਿਹੜਾ ਖ਼ੁਦਾ ਦੇ ਪਵਿੱਤਰ ਮਾਪਦੰਡ ਦੇ ਉਲਟ ਹੋਵੇ।

ਪਤਰਸ ਨੇ ਆਪਣੇ ਸਮੇਂ ਦੇ ਧਾਰਮਿਕ ਆਗੂਆਂ ਨੂੰ ਜਿਹੜੇ ਯਿਸੂ ਦਾ ਪ੍ਰਚਾਰ ਬੰਦ ਕਰਵਾਉਣਾ ਚਾਹੁੰਦੇ ਸਨ, ਕਿਹਾ ਸੀ ਕਿ ‘‘ਪਰ ਪਤਰਸ ਅਤੇ ਯੂਹੰਨਾ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੀ ਪਰਮੇਸ਼ੁਰ ਦੇ ਅੱਗੇ ਇਹ ਜੋਗ ਹੈ ਜੋ ਅਸੀਂ ਪਰਮੇਸ਼ੁਰ ਨਾਲੋਂ ਤੁਹਾਡੀ ਬਹੁਤੀ ਸੁਣੀਏ? ਤੁਸੀਂ ਆਪੇ ਫ਼ੈਸਲਾ ਕਰੋ। ਕਿਉਂਕਿ ਇਹ ਸਾਥੋਂ ਹੋ ਨਹੀਂ ਸੱਕਦਾ ਕਿ ਜਿਹੜੀਆਂ ਗੱਲਾਂ ਅਸਾਂ ਵੇਖੀਆਂ ਅਤੇ ਸੁਣੀਆਂ ਓਹ ਨਾ ਆਖੀਏ’’ (ਰਸੂਲਾਂ ਦੇ ਕੰਮ 4:19, 20)। ਜਦ ਮਨੁੱਖੀ ਅਧਿਕਾਰੀ ਦਾ ਹੁਕਮ ਮੰਨਣ ਨਾਲ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਵਿਚ ਟਕਰਾ ਆਉਂਦਾ ਹੈ ਤਾਂ ਮਸੀਹੀ ਆਦਮੀ ਨੂੰ ਪਹਿਲਾਂ ਖ਼ੁਦਾ ਦੇ ਇਖ਼ਤਿਆਰ ਦਾ ਸਨਮਾਨ ਕਰਨਾ ਜਰੂਰੀ ਹੈ।

ਪਤਰਸ ਨੇ ਮਸੀਹੀ ਪਤਨੀ ਨੂੰ ਆਪਣੇ ਗੈਰ ਮਸੀਹੀ ਪਤੀ ਦੀ ਅਗਵਾਈ ਨੂੰ ਮੰਨਣ ਦੀ ਹਦਾਇਤ ਕੀਤੀ (1 ਪਤਰਸ 3:1, 2)। ਪਰ ਪਤਰਸ ਨੇ ‘‘ਹਰ ਗੱਲ ਵਿਚ’’ ਨਹੀਂ ਜੋੜਿਆ। ਉਸ ਨੇ ਇਹ ਜਾਣਦੇ ਹੋਏ ਕਿ ਗੈਰ ਮਸੀਹੀ ਪਤੀ ਉਸ ਨੂੰ ਅਜਿਹੇ ਕੰਮ ਕਰਨ ਲਈ ਕਹਿ ਸਕਦਾ ਹੈ ਜਿਨ੍ਹਾਂ ਨੂੰ ਮੰਨਣ ਲਈ ਉਹ ਸਹਿਮਤ ਨਹੀਂ ਹੋਵੇਗੀ, ਇਸ ਨੂੰ ਕੱਢ ਦਿੱਤਾ।

5:24 ਵਿਚ ਜਦ ਕਿਹਾ ਕਿ ਪਤਨੀਆਂ ਹਰ ਗੱਲ ਵਿਚ ‘‘ਆਪਣੇ ਪਤੀਆਂ ਦੇ ਅਧੀਨ ਹੋਣ’’ ਤਾਂ ਸੰਦਰਭ ਸਪੱਸ਼ਟ ਹੈ। ਉਹ ਆਤਮਾ ਨਾਲ ਭਰਪੂਰ ਪਤੀ ਨੂੰ ਦੱਸ ਰਿਹਾ ਸੀ ਕਿ ਆਤਮਾ ਨਾਲ ਭਰਪੂਰ ਪਤੀ ਨਾਲ ਉਸ ਦਾ ਸਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ। ਅਜਿਹਾ ਪਤੀ ਆਪਣੀ ਪਤਨੀ ਨੂੰ ਕਿਸੇ ਅਜਿਹੀ ਗੱਲ ਵਿਚ ਨਹੀਂ ਲਿਜਾਵੇਗਾ ਜਿਹੜੀ ਖ਼ੁਦਾ ਦੀ ਮਰਜ਼ੀ ਦੇ ਖਿਲਾਫ਼ ਹੋਵੇ। ਇਸ ਕਰਕੇ ਆਤਮਾ ਨਾਲ ਭਰਪੂਰ ਪਤਨੀ, ਹਰ ਗੱਲ ਵਿਚ ਆਪਣੇ ਪਤੀ ਦੇ ਅਧੀਨ ਹੋ ਸਕਦੀ ਹੈ ਅਤੇ ਉਸ ਨੂੰ ਹੋਣਾ ਵੀ ਚਾਹੀਦਾ ਹੈ। ਆਪਣੇ ਪਤੀ ਨੂੰ ਮੁਕੱਮਲ ਕਰਨ ਵਾਲੀ ਦੇ ਰੂਪ ਵਿਚ ਸਿਰਫ਼ ਅਜਿਹਾ ਕਰਦਿਆਂ ਉਸ ਨੂੰ ਸੱਚੀ ਖੁਸ਼ੀ ਅਤੇ ਸੁਰੱਖਿਆ ਮਿਲ ਸਕਦੀ ਹੈ।

*ਸਾਰ।* ਆਪਣੀ ਪਤਨੀ ਲਈ ਪਤੀ ਦਾ ਪ੍ਰੇਮ ਬਦਲ ਨਹੀਂ ਹੈ। ਜੇ ਪਤੀ ਆਪਣੀ ਪਤਨੀ ਨਾਲ ਇਮਾਨਦਾਰੀ ਨਾਲ ਉਵੇਂ ਹੀ ਪ੍ਰੇਮ ਕਰੇ ਜਿਵੇਂ ਯਿਸੂ ਆਪਣੀ ਕਲੀਸੀਆ ਨਾਲ ਪ੍ਰੇਮ ਕਰਦਾ ਹੈ ਤਾਂ ਉਸ ਨੂੰ ਆਪਣੀ ਪਤਨੀ ਨਾਲ ਇਕ ਨਵਾਂ ਅਤੇ ਤਾਜ਼ਾ–ਤਰੀਨ ਜਜ਼ਬਾਤੀ ਰਿਸ਼ਤਾ ਮਿਲੇਗਾ। ਫਿਰ ਜੇ ਉਹ ਉਸ ਦੇ ਅਧੀਨ ਹੋਣਾ ਚਾਹੇ ਤਾਂ ਦੋਹਾਂ ਨੂੰ ਖ਼ੁਦਾ ਦੀ ਯੋਜਨਾ ਦੇ ਅਨੁਸਾਰ ਵਿਆਹ ਨੂੰ ਵਧਾਉਣ ਦਾ ਮੌਕਾ ਮਿਲੇਗਾ।

ਕ੍ਰਿਸ ਬੁਲਰਡ

**ਪਤੀ ਦੀ ਭੂਮਿਕਾ** (5:23-31)

5:23–31 ਦੇ ਅਨੁਸਾਰ ਪਤੀ ਇਨ੍ਹਾਂ ਤਿੰਨ ਤਰ੍ਹਾਂ ਨਾਲ ਆਪਣੀਆਂ ਪਤੀਆਂ ਲਈ ਸਹੀ ਇਜ਼ਤ ਅਤੇ ਆਦਰ ਵਿਖਾਉਂਦੇ ਹਨ:

*ਉਹ ਆਪਣੀਆਂ ਪਤਨੀਆਂ ਲਈ ਰੂਹਾਨੀ ਅਗਵਾਈ ਦੇਣ* (5:23)। ਇਹ ਤੱਥ ਕਿ ਪਤੀ ਆਪਣੀਆਂ ਪਤਨੀਆਂ ‘‘ਦਾ ਸਿਰ’’ ਹਨ, ਭਾਵ ਇਹ ਹੈ ਕਿ ਉਹ ਆਗੂ ਹਨ ਅਤੇ ਉਨ੍ਹਾਂ ਨੂੰ ਰੂਹਾਨੀ ਅਗਵਾਈ ਦੀ ਭੂਮਿਕਾ ਨੂੰ ਮੰਨਣਾ ਪਵੇਗਾ।

*ਉਨ੍ਹਾਂ ਲਈ ਆਪਣੀਆਂ ਪਤਨੀਆਂ ਨੂੰ* (5:25) ਕੁਰਬਾਨੀ ਭਰੇ ਪ੍ਰੇਮ ਨਾਲ *ਪ੍ਰੇਮ ਕਰਨਾਂ ਜ਼ਰੂਰੀ ਹੈ,* ''ਜਿਵੇਂ ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।'' ਉਹ ਆਪਣੀਆਂ ਲੋੜਾਂ ਦੀ ਥਾਂ ਆਪਣੀਆਂ ਪਤਨੀਆਂ ਦੀਆਂ ਲੋੜਾਂ ਉੱਤੇ ਬਹੁਤਾ ਧਿਆਨ ਦੇਣ।

ਇਹ ਪ੍ਰੇਮ ਉੱਚਾ ਚੁੱਕਣ ਵਾਲਾ ਪ੍ਰੇਮ ਹੈ (5:26, 27)। ਪਤੀਆਂ ਨੂੰ ਆਪਣੀਆਂ ਪਤਨੀਆਂ ਨੂੰ ਦਲੇਰ ਕਰਨਾ ਅਤੇ ਹੱਲਾਸ਼ੇਰੀ ਦੇਣੀ ਜ਼ਰੂਰੀ ਹੈ। ਜਿਵੇਂ ਮਸੀਹ ਵਿਚ ਕਲੀਸੀਆ ਦੇ ਲੋਕਾਂ ਨੂੰ ਯੋਗ ਬਣਾਇਆ ਜਾਂਦਾ ਹੈ, ਉਵੇਂ ਹੀ ਪਤਨੀਆਂ ਬੇਹਤਰ ਇਨਸਾਨ ਬਣਦੀਆਂ ਹਨ ਜੋ ਕਿ ਉਹ ਆਪਣੇ ਪਤੀਆਂ ਦੇ ਬਗੈਰ ਨਹੀਂ ਬਣ ਸਕਦੀਆਂ ਸਨ।

ਇਹ ਪ੍ਰੇਮ ਪਾਲਣ ਪੋਸ਼ਣ ਕਰਨ ਵਾਲਾ ਪ੍ਰੇਮ ਹੈ (5:28–30)। ''ਪੋਸੁਣ'' ਸ਼ਬਦ ਮਹੱਤਵ ਅਤੇ ਪ੍ਰੇਮ ਭਰੀਆਂ ਭਾਵਨਾਵਾਂ ਦੀ ਗੱਲ ਕਰਦਾ ਹੈ (ਵੇਖੋ 1 ਥੱਸਲੁਨੀਕੀਆਂ 2:7)। ''ਪਾਲਣ'' ਸ਼ਬਦ ਗਲ ਨੂੰ ਵੱਡਾ ਕਰਨ ਲਈ ਕੀਤੀ ਗਈ ਦੇਖਭਾਲ ਲਈ ਹੈ। ਜਿਵੇਂ ਮਾਲੀ ਬੂਟਾ ਲਾਉਂਦਾ, ਉਸ ਨੂੰ ਖਾਦ ਪਾਉਂਦਾ ਅਤੇ ਆਪਣੀ ਕਿਆਰੀ ਵਿਚ ਪਾਣੀ ਦਿੰਦਾ ਹੈ ਉਵੇਂ ਹੀ ਪਤੀਆਂ ਲਈ ਆਪਣੀਆਂ ਪਤਨੀਆਂ ਦੀ ਭਲਿਆਈ ਕਰਨਾ ਜ਼ਰੂਰੀ ਹੈ। ਜਦ ਪਤੀ ਆਪਣੀਆਂ ਪਤਨੀਆਂ ਦਾ ਪਾਲਣ ਪੋਸ਼ਣ ਕਰਨਗੇ ਤਾਂ ਉਨ੍ਹਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਆਦਰ ਕਰਨ ਦੀ ਚਾਹ ਰੱਖਣਗੇ (ਵੇਖੋ 1 ਪਤਰਸ 3:7)। ਉਨ੍ਹਾਂ ਨੂੰ ਉਨ੍ਹਾਂ ਦੀ ਅਹਿਮੀਅਤ ਵਿਖਾਉਂਣ ਦੇ ਤਰੀਕੇ ਲੱਭਣੇ ਚਾਹੀਦੇ ਹਨ।

*ਉਹ ਆਪਣੀਆਂ ਪਤਨੀਆਂ ਦੇ ਵਫ਼ਦਾਰ ਹੋਣ* (5:31)। ਪਤੀ ਅਤੇ ਪਤਨੀਆਂ ''ਇਕ ਦੇਹ'' ਹੋ ਗਏ ਹਨ। ਇਕ ਦੂਜੇ ਨਾਲ ਉਨ੍ਹਾਂ ਦੀ ਵਫ਼ਾਦਾਰੀ ਮਰਦੇ ਦਮ ਤਕ ਰਹਿਣੀ ਚਾਹੀਦੀ ਹੈ।

ਜੇ ਲੌਕਹਰਟ

---

ਟਿੱਪਣੀਆਂ

[1]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੂਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1991), 869. [2]ਕੈਨਥ ਐਸ. ਵੁਏਸਟ, *ਵੁਏਸਟ'ਜ਼ ਵਰਡ ਸਟੱਡੀਜ਼ ਫ਼ਰਾਮ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ: ਇਫ਼ੀਸ਼ੀਅੰਜ਼ ਐਂਡ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1953), 126. [3]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੋਰਡੈਂਸ ਟੂ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 154. [4]ਵੁਏਸਟ, 126. [5]ਸੀ. ਜੀ. ਵਿਲਕੇ ਐਂਡ ਵਿਲੀਬਲਡ ਗ੍ਰਿਮ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੋਧ ਜੋਜ਼ਫ਼ ਹੈਨਰੀ ਥੇਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 220. [6]ਵਾਲਟਰ ਬਾਉਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 982. [7]ਵੁਏਸਟ, 127. [8]ਜ਼ੋਡਿਏਟਸ, 948. [9]ਐਂਡ੍ਰਿਊ ਟੀ. ਲਿੰਕਨ, *ਇਫ਼ੀਸ਼ੀਅੰਜ਼,* ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 346. [10]ਜੋਸੇਫ਼ਸ *ਐਂਟੀਕੁਇਟੀਜ਼* 7.12.3.

[11]ਬੁਲਿੰਗਰ, 761. [12]ਵੁਏਸਟ, 227. [13]ਐਮ. ਸੀ. ਕੁਰਫ਼ੀਸ, ਇੰਸਟਰੂਮੈਂਟਲ ਮਿਊਜ਼ਿਕ ਇਨ ਦ ਵਰਸ਼ਿਪ (ਨੈਸ਼ਵਿੱਲ: ਗੌਸਪਲ ਐਡਵੋਕੇਟ ਕੰ., 1950), 16. ਓਵਨ ਡੀ. ਆਲਬ੍ਰਟ ਹਿਯੁਗੋ ਮੇਕੋਰਡ ਐਂਡ

ਜੈਕ ਪੀ. ਲੂਈਸ ਦੇ ਲੇਖ ''ਵਰਸ਼ਿਪ,'' *ਟਰੁੱਥ ਫ਼ਾਰ ਟੁਡੇ* (ਮਾਰਚ 2003): 27–31 ਅਤੇ ''ਦ ਕੁਐਸ਼ਚਨ ਆਫ਼ ਇੰਸਟਰੂਮੈਂਟਲ ਮਿਊਜ਼ਿਕ,'' ਟਰੁੱਥ ਫ਼ਾਰ ਟੁਡੇ ( ਮਾਰਚ 2008) ਵਿਚ ਲਿਖੇ ਗਏ। [14]ਕੁਰਫ਼ੀਸ, 48. [15]ਜ਼ੋਡਿਏਟਸ, 964. [16]ਵੁਏਸਟ, 129. [17]ਲਿੰਕਨ, 365. [18]ਵੁਏਸਟ, 130. [19]ਜ਼ੋਡਿਏਟਸ, 942. [20]ਲਿੰਕਨ, 368.

[21]ਉਹੀ, 372. [22]ਉਹੀ, 373. [23]ਵੁਏਸਟ, 131. [24]ਉਹੀ, 132. [25]ਜ਼ੋਡਿਏਟਸ, 928. [26]ਲਿੰਕਨ, 377. [27]ਉਹੀ। [28]ਜ਼ੋਡਿਏਟਸ, 942. [29]*ਦ ਐਕਸਪੋਜ਼ਿਟਰ'ਜ਼ ਗ੍ਰੀਕ ਟੈਸਟਾਮੈਂਟ,* ਸੰਪਾ. ਡਬਲਯੂ. ਰੌਬਰਟਸਨ ਨਿਕੋਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 3:370–71 ਵਿਚ ਐਸ. ਡੀ. ਐਫ਼. ਸੈਲਮੰਡ, ''ਦ ਐਪਿਸਟਲ ਟੂ ਦ ਇਫ਼ੀਸ਼ੀਅੰਜ਼।'' [30]ਬੁਲਿੰਗਰ, 537.

[31]ਉਹੀ, 146. [32]ਉਹੀ, 279. [33]ਜੇ. ਏ. ਰੋਬਿੰਸਨ, *ਸੇਂਟ ਪੌਲ'ਜ਼ ਐਪਿਸਟਲ ਟੂ ਦ ਇਫ਼ੀਸ਼ੀਅੰਜ਼,* ਜਿਲਦ ਦੂਜੀ (ਲੰਦਨ: ਮੈਕਮਿਲਨ ਐਂਡ ਕੰ., 1904), 127. [34]ਲਿੰਕਨ, 385. [35]ਐਲੈਗਜ਼ੇਂਡਰ ਕੈਂਪਬੈੱਲ *ਦ ਕ੍ਰਿਸਚਿਅਨ ਸਿਸਟਮ* (ਸੇਂਟ ਲੂਈ: ਕ੍ਰਿਸਚਿਅਨ ਪਬਲੀਸ਼ਿੰਗ ਕੰ., 1835), 231. [36]ਯੂਸਬਿਉਸ ਪੈਂਫ਼ੀਲੇਸ *ਦ ਲਾਈਫ਼ ਆਫ਼ ਦ ਬਲੈਸੱਡ ਐਂਪਰਰ ਕਾਂਸਟੈਂਟਾਈਨ* 4.62. [37]ਕੈਂਪਬੇਲ, 232. [38]ਵਿਲੀਅਮ ਸ਼ੇਕਸਪੀਅਰ, *ਮਚ ਅਡੋ ਅਬਾਉਟ ਨਥਿੰਗ* 3.5.